Space for Available for Advertising

WWW.PREETNEWS.COM

WWW.PREETNAMA.COM

preetnamausa@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ

Preetnamausa@gmail.com

ਸਾਲ 4, ਅੰਕ 311, 11 ਜੁਲਾਈ ਤੋਂ 17 ਜੁਲਾਈ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਭਗਵੰਤ ਮਾਨ ਸਰਕਾਰ ਬੇਅਦਬੀ ਸਬੰਧੀ ਨਵਾਂ ਕਾਨੂੰਨ ਲਿਆਉਣ ਜਾ ਰਹੀ, ਪਰ ਪਹਿਲਾਂ ਪਾਸ ਹੋਏ ਬਿੱਲ ਸਿਰੇ ਕਿਉਂ ਨਹੀਂ ਚੜ੍ਹ ਸਕੇ



ਪੰਜਾਬ ਸਰਕਾਰ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਇੱਕ ਕਾਨੂੰਨ ਲਿਆ ਰਹੀ ਹੈ। ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਾਲ 2015 ਤੋਂ ਬਾਅਦ ਤੀਜੀ ਅਜਿਹੀ ਸੂਬਾ ਸਰਕਾਰ ਹੈ, ਜਿਸ ਨੇ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਸਬੰਧੀ ਮਾਮਲਿਆਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਨਵਾਂ ਕਾਨੂੰਨ ਬਣਾਉਣ ਦੀ ਤਿਆਰੀ ਕੀਤੀ ਹੈ। ਇਸ ਸਬੰਧ ਵਿੱਚ ਪੰਜਾਬ ਵਿਧਾਨ ਸਭਾ ਦਾ ਦੋ ਦਿਨਾਂ ਸੈਸ਼ਨ 10 ਅਤੇ 11 ਜੁਲਾਈ ਨੂੰ ਬੁਲਾਇਆ ਗਿਆ ਹੈ, ਜਿਸ ਵਿੱਚ ਨਵੇਂ ਬਿੱਲ ਦਾ ਖਰੜਾ ਪੇਸ਼ ਕੀਤਾ ਜਾ ਰਿਹਾ ਹੈ। ਹਾਲਾਂਕਿ ਖਰੜਾ ਕੀ ਹੈ ਅਤੇ ਕਿਸ ਤਰੀਕੇ ਦੀ ਸਖ਼ਤ ਸਜ਼ਾ ਦੀ ਵਿਵਸਥਾ ਨਵੇਂ ਕਾਨੂੰਨ ਵਿੱਚ ਸਰਕਾਰ ਕਰਨ ਦੀ ਤਿਆਰੀ ਵਿੱਚ ਹੈ, ਇਸ ਲਈ ਫਿਲਹਾਲ ਮਾਹਰ ਕਾਨੂੰਨੀ ਬਦਲਾਂ ਦੀ ਪੜਚੋਲ ਕਰ ਰਹੇ ਹਨ। ਇਸ ਬਾਬਤ ਪਿਛਲੇ ਦਿਨੀਂ ਮੁੱਖ ਮੰਤਰੀ ਨਿਵਾਸ ਉੱਤੇ ਸਰਬ ਧਰਮ ਬੇਅਦਬੀ ਰੋਕੋ ਕਾਨੂੰਨੀ ਮੋਰਚਾ ਦੇ ਨੁਮਾਇੰਦਿਆਂ ਨਾਲ ਮੁੱਖ ਮੰਤਰੀ ਨੇ ਮੀਟਿੰਗ ਕੀਤੀ ਸੀ। ਇਸ ਬੈਠਕ ਤੋਂ ਬਾਅਦ ਹੀ ਮੁੱਖ ਮੰਤਰੀ ਨੇ ਖੁਦ ਬੇਅਦਬੀ ਰੋਕੋ ਕਾਨੂੰਨ ਲਿਆਉਣ ਦਾ ਰਸਮੀ ਐਲਾਨ ਕੀਤਾ ਸੀ ।ਭਗਵੰਤ ਮਾਨ ਨੇ ਇਸ ਮੌਕੇ ਦੁਹਰਾਇਆ ਸੀ ਕਿ ਸੂਬਾ ਸਰਕਾਰ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਸੀ ਕਿ ਇੱਕ ਠੋਸ ਸੂਬਾਈ ਕਾਨੂੰਨ ਬਣਾਉਣ ਲਈ ਸਰਕਾਰ ਵੱਲੋਂ ਕਾਨੂੰਨੀ ਮਾਹਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ ਤਾਂ ਜੋ ਅਪਰਾਧੀਆਂ ਦੀ ਸਖ਼ਤ ਸਜ਼ਾ ਯਕੀਨੀ ਬਣਾਈ ਜਾ ਸਕੇ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਵਿੱਚ ਸਿੱਧੇ ਜਾਂ ਅਸਿੱਧੇ ਤੌਰ ’ਤੇ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਮੁਲਜ਼ਮਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ।

**ਬੇਅਦਬੀ ਦਾ ਮੁੱਦਾ ਇੰਨਾ ਅਹਿਮ ਕਿਉਂ**

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪੰਜਾਬ ਲਈ ਭਾਵਨਾਤਮਕ ਅਤੇ ਸਿਆਸੀ ਮੁੱਦਾ ਹੈ। ਸਿੱਖ ਧਰਮ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਜੀਵਤ ਗੁਰੂ ਮੰਨਿਆ ਜਾਂਦਾ ਹੈ। ਇਸ ਲਈ ਉਨ੍ਹਾਂ ਖ਼ ?ਲਾਫ਼ ਕਿਸੇ ਵੀ ਤਰ੍ਹਾਂ ਦੀ ਬੇਅਦਬੀ ਦੀ ਘਟਨਾ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਲਿਆ ਜਾਂਦਾ ਹੈ। 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਹ ਮੁੱਦਾ ਸਭ ਤੋਂ ਅਹਿਮ ਰਿਹਾ ਹੈ। ਦਰਅਸਲ ਅਕਤੂਬਰ 2015 ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਨੇ ਸੂਬੇ ਦੇ ਰਾਜਨੀਤਿਕ ਬਿਰਤਾਂਤ ਨੂੰ ਬਦਲ ਦਿੱਤਾ ਸੀ। ਸ਼ਰੋਮਣੀ ਅਕਾਲੀ ਦਲ ਖੁਦ ਨੂੰ ਸਿੱਖਾਂ ਦੀ ਨੁਮਾਇੰਦਾ ਸਿਆਸੀ ਜਮਾਤ ਵਜੋਂ ਪੇਸ਼ ਕਰਦਾ ਹੈ, ਇਸ ਲਈ ਉਨ੍ਹਾਂ ਦੇ ਰਾਜ ਵਿੱਚ ਬੇਅਦਬੀ ਦੀਆਂ ਘਟਨਾਵਾਂ ਹੋਣੀਆਂ ਅਤੇ ਇਨਸਾਫ਼ ਲਈ ਲੜ ਰਹੇ ਲੋਕਾਂ ਉਤੇ ਗੋਲੀਬਾਰੀ ਹੋਣ ਦੀ ਘਟਨਾ ਨੇ ਅਕਾਲੀ ਦਲ ਖ਼ ?ਲਾਫ਼ ਸਿਆਸੀ ਹਵਾ ਦਾ ਰੁਖ ਬਦਲ ਦਿੱਤਾ। ਪੰਜਾਬ ਵਿੱਚ ਇਹ ਪ੍ਰਭਾਵ ਗਿਆ ਕਿ ਸਿੱਖਾਂ ਦੀ ਪਾਰਟੀ ਦੇ ਰਾਜ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਅਤੇ ਸਿੱਖਾਂ ਨੂੰ ਅਕਾਲੀ ਦਲ ਇਨਸਾਫ ਨਹੀਂ ਦੁਆ ਸਕੀ। ਇਹ ਅਕਾਲੀ ਦਲ ਲਈ ਇੱਕ ਵੱਡਾ ਸਿਆਸੀ ਝਟਕਾ ਸੀ ਅਤੇ ਉਹ ਸਿਆਸੀ ਤੌਰ ਉਤੇ ਹਸ਼ੀਏ ’ਤੇ ਆ ਗਈ। ਇਸ ਤੋਂ ਉਭਰਨ ਲਈ ਉਹ ਅਜੇ ਵੀ ਸੰਘਰਸ਼ ਕਰ ਰਹੀ ਹੈ। 2017 ਤੋਂ ਲੈ ਕੇ ਹੁਣ ਤੱਕ ਪੰਜਾਬ ਦੀ ਹਰ ਸਰਕਾਰ ਨੇ ਬੇਅਦਬੀ ਲਈ ਸਖ਼ਤ ਸਜ਼ਾ ਦੇਣ ਵਾਲਾ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਸਬੰਧ ਵਿੱਚ ਹੁਣ ਇੱਕ ਹੋਰ ਨਵੀਂ ਕੋਸ਼ਿਸ ਹੋ ਰਹੀ ਹੈ।



**ਅਕਾਲੀ ਸਰਕਾਰ ਸਮੇਂ ਪਾਸ ਕੀਤਾ ਕਾਨੂੰਨ ਕਿਉਂ ਨਹੀਂ ਹੋਇਆ ਪ੍ਰਵਾਨ**

ਮਾਰਚ 2016 ਵਿੱਚ ਤਤਕਾਲੀ ਸ਼ ?ਰੋਮਣੀ ਅਕਾਲੀ ਦਲ-ਬੀਜੇਪੀ ਸਰਕਾਰ ਨੇ ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ, 2016 ਅਤੇ ਅਪਰਾਧਿਕ ਪ੍ਰਕਿਰਿਆ ਸੰਹਿਤਾ (ਪੰਜਾਬ ਸੋਧ) ਬਿੱਲ 2016 ਪਾਸ ਕੀਤਾ ਸੀ, ਜਿਸ ਵਿੱਚ ਸਿਰਫ਼ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਉਮਰ ਕੈਦ ਦੀ ਸਜ਼ਾ ਦੀ ਸਿਫ਼ਾਰਸ਼ ਕੀਤੀ ਗਈ ਸੀ। ਸ਼ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਕਾਨੂੰਨੀ ਮਾਹਰ ਅਰਸ਼ਦੀਪ ਸਿੰਘ ਕਲੇਰ ਦਾ ਕਹਿਣਾ ਹੈ ਕਿ ਮਾਰਚ 2016 ਵਿੱਚ ਉਸ ਸਮੇਂ ਦੀ ਅਕਾਲੀ ਸਰਕਾਰ ਨੇ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਸੱਦ ਕੇ ਆਈ.ਪੀ.ਸੀ ਦੀ ਧਾਰਾ 295 ਏ ਵਿੱਚ ਸੋਧ ਕਰਕੇ 295 ਏ ਏ ਕਰਨ ਅਤੇ ਦੋ ਸਾਲ ਦੀ ਸਜ਼ਾ ਨੂੰ ਦਸ ਸਾਲ ਤੱਕ ਕਰਨ ਦੀ ਤਜਵੀਜ਼ ਰੱਖੀ ਸੀ। ਕਲੇਰ ਦਾ ਕਹਿਣਾ ਹੈ ਕਿ ਦੋਵੇਂ ਬਿੱਲ ਪਾਸ ਕਰਕੇ ਕੇਂਦਰ ਸਰਕਾਰ ਨੂੰ ਅੰਤਿਮ ਪ੍ਰਵਾਨਗੀ ਲਈ ਭੇਜੇ ਗਏ ਸਨ ਪਰ ਕੇਂਦਰ ਨੇ ਇਨ੍ਹਾਂ ਬਿੱਲਾਂ ਨੂੰ ਕੁਝ ਜ਼ਰੂਰੀ ਸੋਧ ਲਈ ਫਿਰ ਤੋਂ ਪੰਜਾਬ ਸਰਕਾਰ ਨੂੰ ਭੇਜ ਦਿੱਤਾ। ”ਉਦੋਂ ਤੱਕ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਆ ਚੁੱਕੀ ਸੀ, ਜਿਸ ਕਾਰਨ ਅਕਾਲੀ ਸਰਕਾਰ ਵਲੋਂ ਪਾਸ ਕਾਨੂੰਨ ਅੰਤਿਮ ਪੜਾਅ ਤੱਕ ਨਹੀਂ ਪਹੁੰਚ ਸਕੇ।” ਕੇਂਦਰ ਨੇ ਬਿੱਲ ਇਹ ਕਹਿੰਦੇ ਹੋਏ ਵਾਪਸ ਕਰ ਦਿੱਤੇ ਸਨ ਕਿ ਸੰਵਿਧਾਨ ਦੇ ਧਰਮ ਨਿਰਪੱਖ ਹੋਣ ਕਾਰਨ ਸਾਰੇ ਧਰਮਾਂ ਨਾਲ ਬਰਾਬਰ ਵਿਵਹਾਰ ਕਰਨ ਦੀ ਲੋੜ ਹੈ ਅਤੇ ਪੰਜਾਬ ਸਰਕਾਰ ਜਾਂ ਤਾਂ ਬਿੱਲ ਵਾਪਸ ਲਵੇ ਜਾਂ ਪ੍ਰਸਤਾਵਿਤ ਸੋਧ ਵਿੱਚ ਸਾਰੇ ਧਰਮਾਂ ਨੂੰ ਸ਼ਾਮਲ ਕਰੇ। ਅਰਸ਼ਦੀਪ ਸਿੰਘ ਕਲੇਰ ਦਾ ਕਹਿਣਾ ਹੈ, ਬੇਅਦਬੀ ਦੇ ਖ਼ਿਲਾਫ਼ ਸਖਤ ਕਾਨੂੰਨ ਬਣਨਾ ਚਾਹੀਦਾ ਹੈ ਪਰ ਇਹ ਵਿਧਾਨ ਸਭਾ ਦੇ ਸੈਸ਼ਨ ਤੱਕ ਹੀ ਨਹੀਂ ਸਗੋਂ ਇਸ ਨੂੰ ਕੇਂਦਰ ਦੀ ਪ੍ਰਵਾਨਗੀ ਵੀ ਮਿਲਣੀ ਜ਼ਰੂਰੀ ਹੈ। ਅਕਾਲੀ ਸਰਕਾਰ ਦੇ ਸੱਤਾ ਤੋਂ ਲਾਂਭੇ ਹੋਣ ਤੋਂ ਕਰੀਬ ਇੱਕ ਸਾਲ ਬਾਅਦ ਸੂਬੇ ਦੀ ਨਵੀਂ ਕੈਪਟਨ ਅਮਰਿੰਦਰ ਸਰਕਾਰ ਨੇ ਇਸ ਕਾਨੂੰਨ ਨੂੰ ਕੇਂਦਰੀ ਸਲਾਹ ਮੁਤਾਬਕ ਸੋਧਿਆ ਅਤੇ ਨਵਾਂ ਬਿੱਲ ਵਿਧਾਨ ਸਭਾ ਵਿੱਚ ਪਾਸ ਕਰਵਾਇਆ।

**ਕਾਂਗਰਸ ਸਰਕਾਰ ਵੱਲੋਂ ਪਾਸ ਕਾਨੂੰਨ ਵਿੱਚ ਕਿਹੜੀ ਅੜਚਨ ਆਈ**

2018 ਵਿੱਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਵੱਲੋਂ ਬੇਅਦਬੀ ਦੇ ਅਪਰਾਧਾਂ ਵਿਰੁੱਧ ਸਖ਼ਤ ਸਜ਼ਾ ਦੀ ਵਿਵਸਥਾ ਕਰਨ ਵਾਲੇ ਦੋ ਬਿੱਲ ਪਾਸ ਕੀਤੇ ਗਏ ਸਨ ਪਰ ਇਨ੍ਹਾਂ ਦੋਵਾਂ ਬਿੱਲਾਂ ਨੂੰ ਹੀ ਰਾਸ਼ਟਰਪਤੀ ਦੀ ਮਨਜ਼ੂਰੀ ਨਹੀਂ ਮਿਲ ਸਕੀ ਸੀ। ਕਾਂਗਰਸ ਦੇ ਸ਼ਾਸਨ ਦੌਰਾਨ ਪੰਜਾਬ ਵਿਧਾਨ ਸਭਾ ਨੇ 2018 ਵਿੱਚ ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ, 2018 ਅਤੇ ਅਪਰਾਧਿਕ ਪ੍ਰਕਿਰਿਆ ਜ਼ਾਬਤਾ (ਪੰਜਾਬ ਸੋਧ) ਬਿੱਲ 2018 ਪਾਸ ਕੀਤੇ ਸਨ, ਜਿਸ ਵਿੱਚ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਗੁਰੂ ਗ੍ਰੰਥ ਸਾਹਿਬ, ਭਗਵਤ ਗੀਤਾ, ਪਵਿੱਤਰ ਕੁਰਾਨ ਅਤੇ ਪਵਿੱਤਰ ਬਾਈਬਲ ਦੇ ਸਨਮਾਨ ਨੂੰ ਠੇਸ ਪਹੁੰਚਾਉਣ, ਨੁਕਸਾਨ ਪਹੁੰਚਾਉਣ ਜਾਂ ਬੇਅਦਬੀ ਕਰਨ ਵਾਲੇ ਲਈ ਉਮਰ ਕੈਦ ਤੱਕ ਦੀ ਸਜ਼ਾ ਨਿਰਧਾਰਤ ਕੀਤੀ ਗਈ ਸੀ ਪਰ ਇਹ ਕਾਨੂੰਨ ਵੀ ਕੇਂਦਰ ਤੋਂ ਪਾਸ ਨਹੀਂ ਹੋ ਸਕਿਆ। ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ, 2018 ਕਾਨੂੰਨ ਆਈਪੀਸੀ ਵਿੱਚ ਸੋਧ ਦੀ ਮੰਗ ਕਰਦਾ ਸੀ ਇਸ ਵਿੱਚ ਨਵੀਂ ਧਾਰਾ 295 ਏਏ ਜੋੜਨ ਦੀ ਵਕਾਲਤ ਕੀਤੀ ਗਈ ਸੀ। ਪਹਿਲਾਂ ਤੋਂ ਮੌਜੂਦ ਕਾਨੂੰਨ 295 ਏ ਵਿੱਚ ਦੋਸ਼ੀ ਨੂੰ ਤਿੰਨ ਸਾਲ ਦੀ ਸਜ਼ਾ ਦੀ ਵਿਵਸਥਾ ਸੀ। ਬਾਅਦ ਵਿੱਚ ਇਸ ਕਾਨੂੰਨ ਵਿੱਚ ਸੋਧ ਕਰਕੇ ਅਤੇ ਨਵੀਂ ਧਾਰਾ ਜੋੜ ਕੇ (ਕਿਸੇ ਵੀ ਵਰਗ ਦੇ ਧਰਮ ਦਾ ਅਪਮਾਨ ਕਰਨ ਜਾਂ ਪਵਿੱਤਰ ਸਥਾਨ ਨੂੰ ਨੁਕਸਾਨ ਪਹੁੰਚਾਉਣ) ਦੇ ਤਹਿਤ ਸਜ਼ਾ ਨੂੰ ਤਿੰਨ ਸਾਲ ਤੋਂ ਵਧਾ ਕੇ ਦਸ ਸਾਲ ਦੀ ਕੈਦ ਕਰਨ ਦੀ ਵੀ ਮੰਗ ਕੀਤੀ ਗਈ ਸੀ।

ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ 2022 ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮਿਲ ਕੇ ਕੈਪਟਨ ਸਰਕਾਰ ਵਲੋਂ ਪਾਸ ਕਾਨੂੰਨ ਨੂੰ ਕੇਂਦਰੀ ਪ੍ਰਵਾਨਗੀ ਦੇਣ ਦੀ ਮੰਗ ਕੀਤੀ ਸੀ ਪਰ ਉਹ ਵੀ ਸੰਭਵ ਨਹੀਂ ਹੋ ਸਕਿਆ। ਕਾਨੂੰਨੀ ਜਾਣਕਾਰ ਮੰਨਦੇ ਹਨ ਕਿ ਕਾਂਗਰਸ ਸਰਕਾਰ ਵਲੋਂ ਪਾਸ ਕੀਤੇ ਗਏ 2018 ਦੇ ਬੇਅਦਬੀ ਬਿੱਲਾਂ ਨੂੰ ਇਸ ਕਰਕੇ ਪ੍ਰਵਾਨਗੀ ਨਹੀਂ ਮਿਲੀ ਕਿਉਂਕਿ ਉਹ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ) ਦੀਆਂ ਧਰਾਵਾਂ ਦੇ ਮੁਤਾਬਕ ਸੀ, ਜਦਕਿ ਦੇਸ਼ ਵਿੱਚ ਹੁਣ ਬੀਐੱਨਐੱਸ ਲਾਗੂ ਹੋ ਚੁੱਕਾ ਹੈ ਅਤੇ ਇਸ ਕਰਕੇ ਕਾਨੂੰਨ ਦੀਆਂ ਧਾਰਾਵਾਂ ਨੂੰ ਬੀਐੱਨਐੱਸ ਦੇ ਉਪਬੰਧਾਂ ਦੇ ਮੁਤਾਬਕ ਨਵੇਂ ਸਿਰਿਓਂ ਤੈਅ ਕਰਕੇ ਮੁੜ ਤੋਂ ਕਾਨੂੰਨ ਬਣਾਉਣ ਲਈ ਆਖਿਆ ਗਿਆ ਹੈ। ਪੰਜਾਬ ਸਰਕਾਰ ਨਵਾਂ ਕਾਨੂੰਨ ਭਾਰਤੀ ਨਿਆ ਸੰਹਿਤਾ (ਬੀਐੱਨਐੱਸ) ਦੇ ਆਧਾਰ ਉਤੇ ਬਣਾ ਰਹੀ ਹੈ ਅਤੇ ਸਰਕਾਰ ਨੂੰ ਉਮੀਦ ਹੈ ਕਿ ਇਸ ਨੂੰ ਕੇਂਦਰੀ ਪ੍ਰਵਾਨਗੀ ਵੀ ਮਿਲ ਜਾਵੇਗੀ। 2024 ਵਿੱਚ ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਕੈਪਟਨ ਸਰਕਾਰ ਵਲੋਂ ਪਾਸ ਕੀਤੇ ਗਏ ਬਿੱਲਾਂ ਨੂੰ ਕਾਨੂੰਨੀ ਮਾਨਤਾ ਦੇਣ ਸਬੰਧੀ ਮੰਗ ਲੋਕ ਸਭਾ ਵਿੱਚ ਕੀਤੀ ਸੀ ਪਰ ਤਕਨੀਕੀ ਨੁਕਤੇ ਕਾਰਨ ਇਹ ਸੰਭਵ ਨਹੀਂ ਹੋ ਸਕਿਆ। ਸਿਆਸੀ ਮਾਹਰ ਮੰਨਦੇ ਹਨ ਕਿ ਕਿਉਂਕਿ ਬੇਅਦਬੀ ਵੱਡਾ ਸਿਆਸੀ ਅਤੇ ਧਾਰਮਿਕ ਮੁੱਦਾ ਹੈ, ਇਸ ਲਈ ਪੰਜਾਬ ਸਰਕਾਰ ਇਸ ਨੂੰ ਤੀਜੀ ਵਾਰ ਨਵੇਂ ਸਿਰ ਤੋਂ ਪਾਸ ਕਰਵਾ ਰਹੀ ਹੈ।

## ਨਵੇਂ ਕਾਨੂੰਨ ਲਈ ਸਰਕਾਰ ਦੀ ਦਲੀਲ

ਪੰਜਾਬ ਦੇ ਮੁੱਖ ਮੰਤਰੀ, ਮੰਤਰੀ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਕਈ ਆਗੂ ਬੇਦਅਬੀ ਰੋਕੂ ਕਾਨੂੰਨ ਲਈ ਦਲੀਲਾਂ ਪੇਸ਼ ਕਰ ਰਹੇ ਹਨ। ਪੰਜਾਬ ਸਰਕਾਰ ਨੇ ਬੀਤੇ ਦਿਨੀਂ ਬਕਾਇਦਾ ਪ੍ਰੈੱਸ ਬਿਆਨ ਜਾਰੀ ਕਰਕੇ ਇਸ ਸੂਬਾਈ ਕਾਨੂੰਨ ਦੀ ਗੱਲ ਕੀਤੀ ਸੀ। ਬਿਆਨ ਵਿੱਚ ਕਿਹਾ ਗਿਆ ਕਿ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਵਿੱਚ ਧਾਰਮਿਕ ਸਥਾਨਾਂ ਬਾਰੇ ਤਾਂ ਸਪੱਸ਼ਟ ਉਪਬੰਧ ਹਨ ਪਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਬਾਰੇ ਇਸ ਵਿੱਚ ਕੋਈ ਉਪਬੰਧ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਉਂਕਿ ਇਹ ਵਿਸ਼ਾ ਸਮਵਰਤੀ ਸੂਚੀ ਦੇ ਅਧੀਨ ਆਉਂਦਾ ਹੈ, ਇਸ ਲਈ ਰਾਜ ਕੋਲ ਅਜਿਹਾ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਇਸ ਸਬੰਧ ਵਿੱਚ ਕਾਨੂੰਨੀ ਰਾਇ ਦੇ ਆਧਾਰ ਉਤੇ ਨਵਾਂ ਕਾਨੂੰਨ ਬਣਾਉਣ ਦੀ ਦਿਸ਼ਾ ਵਿੱਚ ਸਰਕਾਰ ਕੰਮ ਕਰ ਰਹੀ ਹੈ। ਨਵੇਂ ਕਾਨੂੰਨ ਦੇ ਖਰੜੇ ਸਬੰਧੀ ਸਰਕਾਰ ਸਿੱਖ ਬੁੱਧੀਜੀਵੀ, ਕਾਨੂੰਨੀ ਮਾਹਰਾਂ ਦੀ ਰਾਇ ਲੈ ਰਹੀ ਹੈ। ਆਮ ਆਦਮੀ ਪਾਰਟੀ ਦੇ ਬੁਲਾਰੇ ਨੀਲ ਗਰਗ ਦਾ ਕਹਿਣਾ ਹੈ, ÷ਬੇਅਦਬੀ ਸਬੰਧੀ ਨਵੇਂ ਕਾਨੂੰਨ ਵਿੱਚ ਕੀ ਹੋਵੇਗਾ ਇਸ ਬਾਰੇ ਪਤਾ ਤਾਂ ਉਦੋਂ ਹੀ ਲੱਗੇਗਾ ਜਦੋਂ ਇਸ ਬਿੱਲ ਨੂੰ ਵਿਧਾਨ ਸਭਾ ਵਿੱਚ ਪੇਸ਼ ਕੀਤਾ ਜਾਵੇਗਾ ਪਰ ਪਾਰਟੀ ਦਾ ਸਟੈਂਡ ਇਸ ਬਾਰੇ ਬਿਲਕੁਲ ਸਪੱਸ਼ਟ ਹੈ। ਉਨ੍ਹਾਂ ਆਖਿਆ, ਜੋ ਕਾਨੂੰਨ ਇਸ ਸਮੇਂ ਹੈ ਉਸ ਵਿੱਚ ਕਈ ਤਰ੍ਹਾਂ ਦੀਆਂ ਚੋਰ ਮੋਰੀਆਂ ਹਨ ਅਤੇ ਦੋਸ਼ੀ ਬਚ ਜਾਂਦੇ ਹਨ ਪਰ ਨਵੇਂ ਕਾਨੂੰਨ ਵਿੱਚ ਜੇਕਰ ਕੋਈ ਵਿਅਕਤੀ ਕਿਸੇ ਵੀ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਦਾ ਹੈ ਤਾਂ ਉਸ ਦਾ ਬਚਣਾ ਮੁਸ਼ਕਿਲ ਹੋਵੇਗਾ।””ਅਤੇ ਜੇਕਰ ਕੋਈ ਨਾਬਾਲਗ ਅਜਿਹੀ ਘਟਨਾ ਨੂੰ ਅੰਜਾਮ ਦਿੰਦਾ ਹੈ ਤਾਂ ਉਸ ਦੇ ਮਾਪਿਆਂ ਖਿਲਾਫ਼ ਕਾਰਵਾਈ ਕਰਨ ਦੀ ਵਿਵਸਥਾ ਬਿੱਲ ਵਿੱਚ ਲਿਆਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 311 | Website: www.preetnama.com Email preetnamausa@gmail.com | 11 JULY TO 17 JULY ,2025




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 311 | Website: www.preetnama.com Email preetnamausa@gmail.com | 11 JULY TO 17 JULY ,2025




# ਅਮੈਰਿਕਨ ਅਜ਼ਾਦੀ ਦਿਹਾੜੇ 'ਤੇ ਵਾਸ਼ਿੰਗਟਨ ਡੀ.ਸੀ 'ਚ ਕੱਢੀ ਗਈ ਨੈਸ਼ਨਲ ਪਰੇਡ 'ਚ ਸਿੱਖਸ ਆਫ ਅਮੈਰਿਕਾ ਦੇ ਦੋ ਫ਼ਲੋਟ ਹੋਏ ਸ਼ਾਮਿਲ

## ਅੰਤਰਰਾਸ਼ਟਰੀ ਪੱਧਰ 'ਤੇ ਦਸਤਾਰ ਦੇ ਪ੍ਰਚਾਰ ਅਤੇ ਸਿੱਖ ਭਾਈਚਾਰੇ ਦੀਆਂ ਪ੍ਰਾਪਤੀਆਂ ਦਰਸਾਉਣ ਲਈ ਸ਼ਾਮਿਲ ਕਰਦੇ ਹਾਂ ਹਰ ਸਾਲ ਫ਼ਲੋਟ - ਚੇਅਰਮੈਨ ਜਸਦੀਪ ਸਿੰਘ ''ਜੱਸੀ'















ਵਾਸ਼ਿੰਗਟਨ, ( ਰਾਜ ਗੋਗਨਾ )- ਅਮੈਰਿਕਾ ਵਿੱਚ ਵਸਦੇ ਸਮੂਹ ਭਾਈਚਾਰਿਆਂ ਲਈ 4 ਜੁਲਾਈ ਅਜ਼ਾਦੀ ਦਾ ਦਿਨ ਬਹੁਤ ਹੀ ਖ਼ੁਸ਼ੀਆਂ ਤੇ ਉਤਸ਼ਾਹ ਵਾਲਾ ਹੁੰਦਾ ਹੈ।ਅਤੇ ਇਸ ਦਿਨ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿੱਚ ਰਾਸ਼ਟਰੀ ਪੱਧਰ ਦੀ ਇਕ ਅਜ਼ਾਦੀ ਦੀ ਨੈਸ਼ਨਲ ਪਰੇਡ ਕੱਢੀ ਜਾਂਦੀ ਹੈ। ਕਿਸੇ ਵੀ ਭਾਈਚਾਰੇ ਨੂੰ ਇਸ ਪਰੇਡ ਵਿਚ ਆਪਣਾ ਫਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲਣਾ ਬਹੁਤ ਵੱਡਾ ਕਾਰਜ ਮੰਨਿਆ ਜਾਂਦਾ ਹੈ।ਸਿੱਖਸ ਆਫ਼ ਅਮੈਰਿਕਾ ਵਲੋਂ ਪਿਛਲੇ 11 ਸਾਲਾਂ ਤੋਂ ਆਪਣਾ ਇਕ ਫ਼ਲੋਟ ਇਸ ਪਰੇਡ ਵਿੱਚ ਸ਼ਾਮਿਲ ਕੀਤਾ ਜਾਂਦਾ ਰਿਹਾ ਹੈ। ਇਸ ਸਾਲ ਵੀ ਚੇਅਰਮੈਨ ਜਸਦੀਪ ਸਿੰਘ ਜੱਸੀ' ਦੀ ਅਗਵਾਈ ਵਿਚ ਸਿੱਖਸ ਆਫ਼ ਅਮੈਰਿਕਾ ਨੂੰ ਅਜ਼ਾਦੀ ਦੀ ਰਾਸ਼ਟਰੀ ਪਰੇਡ ਵਿਚ ਇਕ ਨਹੀਂ ਦੋ ਸਿੱਖ ਫ਼ਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲੀ ਤੇ ਸਿੱਖਸ ਆਫ਼ ਅਮੈਰਿਕਾ ਨੇ ਇਸ ਪਰੇਡ ਵਿਚ ਦੋ ਸਿੱਖ ਫ਼ਲੋਟ ਸ਼ਾਮਿਲ ਕਰ ਕੇ ਸਭ ਭਾਈਚਾਰਿਆਂ ਦਾ ਦਿਲ ਜਿੱਤ ਲਿਆ। ਅਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਫ਼ਲੋਟ ਨੂੰ ਐੱਲ.ਈ.ਡੀ. ਸਕਰੀਨ ਨਾਲ ਸਜਾਇਆ ਗਿਆ ਸੀ ਜਿਸ ਵਿੱਚ ਸਿੱਖ ਧਰਮ ਦੇ ਪੁਰਾਤਨ ਅਤੇ ਅਜੋਕੇ ਇਤਿਹਾਸ ਨੂੰ ਦਰਸਾਇਆ ਗਿਆ। ਪਹਿਲੀ ਵਾਰ ਸ਼ਾਮਿਲ ਕੀਤੇ ਗਿਆ ਦੂਜਾ ਫਲੋਟ ਪੰਜਾਬ ਦੇ ਲੋਕ ਨਾਚ ਭੰਗੜਾ ਨੂੰ ਸਮਰਪਿਤ ਕੀਤਾ ਗਿਆ ਜੋ ਕਿ ਲੋਕਾਂ ਲਈ ਬਹੁਤ ਹੀ ਜ਼ਿਆਦਾ ਹੀ ਖਿੱਚ ਦਾ ਕੇਂਦਰ ਬਣਿਆ ਅਤੇ ਸਭ ਭਾਈਚਾਰਿਆਂ ਨੇ ਪੰਜਾਬ ਦੇ ਲੋਕ ਨਾਚ ਭੰਗੜਾ ਦਾ ਅਨੰਦ ਮਾਣਿਆ। ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਿੱਖਸ ਆਫ਼ ਅਮੈਰਿਕਾ ਦਾ ਮੁੱਖ ਮਕਸਦ ਦੂਜੇ ਭਾਈਚਾਰਿਆਂ ਨੂੰ ਸਿੱਖੀ ਦੀ ਪਛਾਣ ਅਤੇ ਸਿੱਖੀ ਦੇ ਸੰਕਲਪ ਬਾਰੇ ਦੱਸਣ ਤੋਂ ਇਲਾਵਾ ਅਮਰੀਕਾ 'ਚ ਫੌਜ, ਪੁਲਿਸ, ਅਕਾਦਮਿਕ, ਆਰਥਿਕ ਖ਼ੇਤਰ, ਬਿਜਨਸ ਅਤੇ ਸਿਆਸੀ ਯੋਗਦਾਨ ਬਾਰੇ ਵੀ ਦੱਸਣਾ ਸੀ। ਅਮੈਰਿਕਾ 'ਚ ਸਿੱਖਾਂ ਵਲੋਂ ਕੀਤੀਆਂ ਗਈਆਂ ਵਿਲੱਖਣ ਪ੍ਰਾਪਤੀਆਂ ਨੂੰ ਐੱਲ.ਈ.ਡੀ. ਉੱਤੇ ਲਗਾਤਾਰ ਦਰਸਾਇਆ ਜਾ ਰਿਹਾ ਸੀ। ਇਕ ਅੰਦਾਜ਼ੇ ਮੁਤਾਬਿਕ ਸੜਕ ਦੇ ਦੋਵੇਂ ਪਾਸੇ ਬੈਠੇ ਇਕ ਲੱਖ ਤੋਂ ਵੱਧ ਲੋਕਾਂ ਨੇ ਨੇੜਿਓਂ ਫ਼ਲੋਟ ਨੂੰ ਦੇਖਿਆ ਤੇ ਹੋਰ ਲੱਖਾਂ ਲੋਕਾਂ ਨੇ ਨੈਸ਼ਨਲ ਟੀ.ਵੀ. ਰਾਹੀਂ ਇਸ ਦੀਆਂ ਗਤੀਵਿਧੀਆਂ ਨੂੰ ਵਾਚਿਆ। ਸਿੱਖ ਫ਼ਲੋਟ ਦੇ ਨਾਲ ਲਾਲ ਪੱਗਾਂ, ਚਿੱਟੀਆਂ ਕਮੀਜ਼ਾਂ, ਨੀਲੀਆਂ ਪੈਂਟਾਂ ਤੇ ਅਮੈਰਿਕਨ ਫ਼ਲੈਗ ਤੇ ਸਿੱਖਸ ਆਫ ਅਮੈਰਿਕਾ ਦੇ ਲੋਗੋ ਵਾਲੀਆਂ ਟੀ-ਸ਼ਰਟਾਂ ਪਹਿਨੇ ਮਰਦ ਅਤੇ ਅਮੈਰਿਕਨ ਝੰਡੇ ਦੇ ਸਕਾਰਫ਼ ਅਤੇ ਚਿੱਟੇ ਕੱਪੜੇ ਪਹਿਨੀ ਔਰਤਾਂ ਫ਼ਲੋਟ ਦੀ ਸ਼ਾਨ ਨੂੰ ਵਧਾ ਰਹੇ ਸਨ। ਸਿੱਖ ਫ਼ਲੋਟ ਵਿਚ ਸਿੱਖਸ ਆਫ ਅਮਰਿਕਾ ਦੇ ਨੁਮਾਇੰਦੇ ਜਸਦੀਪ ਸਿੰਘ ਜੱਸੀ ਚੇਅਰਮੈਨ, ਕਮਲਜੀਤ ਸਿੰਘ ਸੋਨੀ ਪ੍ਰਧਾਨ, ਬਲਜਿੰਦਰ ਸਿੰਘ ਸ਼ੰਮੀ ਮੀਤ ਪ੍ਰਧਾਨ, ਦਿਲਵੀਰ ਸਿੰਘ, ਵਰਿੰਦਰ ਸਿੰਘ, ਸੁਖਪਾਲ ਧਨੋਆ, ਕੁਲਵਿੰਦਰ ਸਿੰਘ ਫਲੋਰਾ, ਚਤਰ ਸਿੰਘ ਸੈਣੀ, ਮਨਿੰਦਰ ਸੇਠੀ, ਇੰਦਰਜੀਤ ਗੁਜਰਾਲ, ਜਸਵਿੰਦਰ ਸਿੰਘ ਜੌਨੀ, ਗੁਰਚਰਨ ਸਿੰਘ, ਪ੍ਰਭਜੋਤ ਬਤਰਾ, ਹਰਬੀਰ ਬਤਰਾ, ਮਹਿੰਦਰ ਸਿੰਘ ਭੋਗਲ, ਗੁਰਦੀਪ ਸਿੰਘ, ਸਰਮੁੱਖ ਸਿੰਘ ਮਾਣਕੂ, ਕਰਨ ਸਿੰਘ, ਕਰਮਜੀਤ ਸਿੰਘ, ਜੋਗਿੰਦਰ ਸਮਰਾ, ਡਾ. ਦਰਸ਼ਨ ਸਿੰਘ ਸਲੂਜਾ, ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਗੁਰਪ੍ਰੀਤ ਸਿੰਘ ਸੰਨੀ, ਸੁਰਜੀਤ ਸਿੰਘ ਗੋਲਡੀ, ਜਸਵੰਤ ਸਿੰਘ ਧਾਲੀਵਾਲ, ਰਤਨ ਸਿੰਘ ਅਤੇ ਡੰਡਾਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਜੋਗਿੰਦਰ ਸਿੰਘ ਸਮਰਾ ਅਤੇ ਨਿਰਮਲ ਸਿੰਘ ਵੀ ਨਾਲ ਮੋਜੂਦ ਸਨ। ਇਸ ਪਰੇਡ ਵਿੱਚ ਸ਼ਾਮਿਲ ਲੋਕਾਂ ਵਿਚ ਦੋਵੇਂ ਸਿੱਖ ਫ਼ਲੋਟ ਖਿੱਚ ਦਾ ਕੇਂਦਰ ਬਣੇ ਰਹੇ ਅਤੇ ਹਰ ਭਾਈਚਾਰੇ ਵਿਚ ਸਿੱਖਸ ਆਫ ਅਮੈਰਿਕਾ ਦੇ ਦੋਵਾਂ ਸਿੱਖ ਫਲੋਟਾਂ ਦੀ ਖ਼ੂਬ ਚਰਚਾ ਹੁੰਦੀ ਰਹੀ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਅਮਰੀਕਾ ਦੇ ਪ੍ਰਸਿੱਧ ਗੁਰਸਿੱਖ ਅਟਾਰਨੀ ਸ: ਜਸਪ੍ਰੀਤ ਸਿੰਘ 'ਪ੍ਰੋਫੈਸਰ ਆਫ ਇਮੀਨੈਂਸ' ਨਿਯੁਕਤ

ਨਿਊਯਾਰਕ, 4 ਜੁਲਾਈ ( ਰਾਜ ਗੋਗਨਾ )- ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਅਮਰੀਕਾ ਦੇ ਪ੍ਰਸਿੱਧ ਇਮੀਗ੍ਰੇਸ਼ਨ ਅਟਾਰਨੀ ਸ. ਜਸਪ੍ਰੀਤ ਸਿੰਘ ਨੂੰ 'ਪ੍ਰੋਫੈਸਰ ਆਫ ਇਮੀਨੈਂਸ' ਦੇ ਰੂਪ ਵਿੱਚ ਨਿਯੁਕਤ ਕਰਕੇ ਅਕਾਦਮਿਕ ਖੇਤਰ ਵਿੱਚ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ। ਇਸ ਨਿਯੁਕਤੀ ਨਾਲ ਯੂਨੀਵਰਸਿਟੀ ਦੀ ਅੰਤਰਰਾਸ਼ਟਰੀ ਪਹੁੰਚ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਦੇ ਮਾਹਿਰਾਂ ਨਾਲ ਸਿੱਖਣ ਦਾ ਮੌਕਾ ਪ੍ਰਾਪਤ ਹੋਵੇਗਾ।ਸ. ਜਸਪ੍ਰੀਤ ਸਿੰਘ, ਜੋ ਅਮਰੀਕਾ ਵਿੱਚ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਕਾਨੂੰਨ ਦੇ ਮਾਹਿਰ ਹਨ, ਨੂੰ ਯੂਨੀਵਰਸਿਟੀ ਦੇ ਕਾਨੂੰਨੀ ਸਿੱਖਿਆ ਅਤੇ ਅੰਤਰਰਾਸ਼ਟਰੀ ਕਾਨੂੰਨ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ ਚੁਣਿਆ ਗਿਆ ਹੈ। ਉਹ ਨਿਊਯਾਰਕ, ਕੈਲੀਫੋਰਨੀਆ, ਨਿਊਜਰਸੀ ਅਤੇ ਮੈਰੀਲੈਂਡ ਵਿੱਚ ਆਪਣੀ ਕਾਨੂੰਨੀ ਫਰਮ ਸਫਲਤਾਪੂਰਵਕ ਚਲਾ ਰਹੇ ਹਨ ਅਤੇ ਪਿਛਲੇ ਦੋ ਦਹਾਕਿਆਂ ਵਿੱਚ 10,000 ਤੋਂ ਵੱਧ ਇਮੀਗ੍ਰੇਸ਼ਨ, ਅਸਾਈਲਮ ਅਤੇ ਡਿਪੋਰਟੇਸ਼ਨ ਮਾਮਲਿਆਂ ਨੂੰ ਸੰਭਾਲ ਚੁੱਕੇ ਹਨ। ਉਨ੍ਹਾਂ ਦੀ ਸਮਾਜਿਕ ਨਿਆਂ ਪ੍ਰਤੀ ਵਚਨਬੱਧਤਾ, ਖਾਸ ਤੌਰ 'ਤੇ ਘੱਟ ਆਮਦਨੀ ਵਾਲੇ ਅਤੇ ਬਜ਼ੁਰਗ ਪ੍ਰਵਾਸੀਆਂ ਲਈ ਮੁਫਤ ਕਾਨੂੰਨੀ ਸਹਾਇਤਾ, ਨੇ ਉਨ੍ਹਾਂ ਨੂੰ ਅਮਰੀਕਾ ਦੇ ਸਿੱਖ ਭਾਈਚਾਰੇ ਵਿੱਚ ਵਿਸ਼ੇਸ਼ ਸਥਾਨ ਦਿਵਾਇਆ ਹੈ।ਇਹ ਨਿਯੁਕਤੀ ਯੂਨੀਵਰਸਿਟੀ ਦੀ ਵਿਸ਼ੇਸ਼ ਕਾਨੂੰਨੀ ਮਾਹਿਰਾਂ ਦੀ ਕਮੇਟੀ ਦੀ ਸਿਫਾਰਸ਼ 'ਤੇ ਕੀਤੀ ਗਈ, ਜਿਸ ਵਿੱਚ ਡਾ. ਭੀਮ ਰਾਓ ਅੰਬੇਡਕਰ ਰਾਸ਼ਟਰੀ ਕਾਨੂੰਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਦਵਿੰਦਰ ਸਿੰਘ, ਜੇ. ਸੀ. ਬੋਸ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਅਜੈ ਰੰਗਾ ਅਤੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਚੇਅਰਮੈਨ ਪ੍ਰੋ. ਰਤਨ ਸਿੰਘ ਸ਼ਾਮਲ ਸਨ। ਕਮੇਟੀ ਦੀ ਬੈਠਕ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸ. ਜਸਪ੍ਰੀਤ ਸਿੰਘ ਦੀ ਵਿਲੱਖਣ ਯੋਗਤਾ ਅਤੇ ਸਮਾਜ ਸੇਵਾ ਨੂੰ ਮੁੱਖ ਅਧਾਰ ਮੰਨਿਆ ਗਿਆ।ਸ. ਜਸਪ੍ਰੀਤ ਸਿੰਘ ਨੇ ਯੂਨੀਵਰਸਿਟੀ ਨਾਲ ਸਮਝੌਤੇ ਅਧੀਨ " ਸਿੱਖ ਸਟਡੀਜ਼ ਚੇਅਰ"ਸਥਾਪਤ ਕਰਨ ਲਈ 3.5 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਵੀ ਪ੍ਰਦਾਨ ਕੀਤੀ ਹੈ। ਇਸ ਚੇਅਰ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ, ਸਮਾਨਤਾ ਅਤੇ ਮਨੁੱਖਤਾ ਦੀ ਏਕਤਾ ਨੂੰ ਅਕਾਦਮਿਕ ਖੋਜ ਰਾਹੀਂ ਵਿਸ਼ਵ ਭਰ ਵਿੱਚ ਪ੍ਰਸਾਰਿਤ ਕਰਨਾ ਹੈ।ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਕਿਹਾ, "ਸ. ਜਸਪ੍ਰੀਤ ਸਿੰਘ ਦੀ ਨਿਯੁਕਤੀ ਸਾਡੇ ਅਦਾਰੇ ਦੀ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰੇਗੀ। ਇਸ ਨਾਲ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਕਾਨੂੰਨੀ ਚੁਣੌਤੀਆਂ ਨੂੰ ਸਮਝਣ ਦਾ ਮੌਕਾ ਮਿਲੇਗਾ।



# ਬਰਿਕਸ ਸਮੂਹ ਕੀ ਹੈ ਅਤੇ ਇਸ ਦੇ ਦੇਸ਼ਾਂ ਨੇ ਪਹਿਲਗਾਮ ਹਮਲੇ ਬਾਰੇ ਕੀ ਕਿਹਾ






## ਟਰੰਪ ਨੇ ਬਰਿਕਸ ਦੇਸ਼ਾਂ ’ਤੇ ਵਾਧੂ ਟੈਰਿਫ਼ ਦੀ ਚੇਤਾਵਨੀ

ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਐਤਵਾਰ ਨੂੰ ਕਿਹਾ ਕਿ ਬਰਿਕਸ ਦੀਆਂ ’ਅਮਰੀਕਾ ਵਿਰੋਧੀ ਨੀਤੀਆਂ’ ਨਾਲ ਜੁੜੇ ਦੇਸ਼ਾਂ ’ਤੇ 10 ਫ਼ੀਸਦ ਵਾਧੂ ਟੈਰਿਫ਼ ਲਗਾਇਆ ਜਾਵੇਗਾ। ਉਨ੍ਹਾਂ ਨੇ ਟਰੂਥ ਸੋਸ਼ਲ ’ਤੇ ਇੱਕ ਪੋਸਟ ਵਿੱਚ ਲਿਖਿਆ, ÷ਕੋਈ ਵੀ ਦੇਸ਼ ਜੋ ਬਰਿਕਸ ਦੀਆਂ ਅਮਰੀਕਾ ਵਿਰੋਧੀ ਨੀਤੀਆਂ ਨਾਲ ਜੁੜਦਾ ਹੈ, ਉਸ ’ਤੇ 10 ਫ਼ੀਸਦ ਵਾਧੂ ਟੈਰਿਫ਼ ਲਗਾਇਆ ਜਾਵੇਗਾ। ਕਿਸੇ ਨੂੰ ਵੀ ਇਸ ਤੋਂ ਛੋਟ ਨਹੀਂ ਦਿੱਤੀ ਜਾਵੇਗੀ। ਹਾਲਾਂਕਿ, ਟਰੰਪ ਨੇ ਆਪਣੀ ਪੋਸਟ ਵਿੱਚ ਅਮਰੀਕਾ ਵਿਰੋਧੀ ਨੀਤੀਆਂ ਬਾਰੇ ਕੋਈ ਸਪੱਸ਼ਟ ਜਾਂ ਵਿਸਤ੍ਰਿਤ ਜਾਣਕਾਰੀ ਨਹੀਂ ਦਿੱਤੀ ਹੈ ਅਤੇ ਨਾ ਹੀ ਉਨ੍ਹਾਂ ਨੇ ਇਸਦਾ ਕੋਈ ਹਵਾਲਾ ਦਿੱਤਾ ਹੈ। ਬਰਿਕਸ ਸਮੂਹ 2009 ਵਿੱਚ ਬ੍ਰਾਜ਼ੀਲ, ਰੂਸ, ਭਾਰਤ ਅਤੇ ਚੀਨ ਨਾਲ ਬਣਿਆ ਸੀ। ਇਸ ਤੋਂ ਬਾਅਦ ਦੱਖਣੀ ਅਫ਼ਰੀਕਾ ਨੂੰ ਵੀ ਇਸ ਸਮੂਹ ਵਿੱਚ ਸ਼ਾਮਲ ਕੀਤਾ ਗਿਆ। 2004 ਵਿੱਚ, ਮਿਸਰ, ਇਥੋਪੀਆ, ਇੰਡੋਨੇਸ਼ੀਆ, ਈਰਾਨ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਅਤੇ ਇੰਡੋਨੇਸ਼ੀਆ ਵੀ ਇਸ ਸਮੂਹ ਵਿੱਚ ਮੈਂਬਰ ਵਜੋਂ ਸ਼ਾਮਲ ਹੋਏ। ਜਾਣੋ ਬਰਿਕਸ ਦੀ ਮਕਸਦ ਕੀ ਸੀ, ਇਸ ਵਿੱਚ ਕਿਹੜੇ ਦੇਸ਼ ਸ਼ਾਮਲ ਹਨ ਅਤੇ ਕਿਹੜੇ ਸ਼ਾਮਲ ਹੋਣਾ ਚਾਹੁੰਦੇ ਹਨ। ਪਿਛਲੇ ਸਾਲ ਬਰਿਕਸ ਸਮੂਹ ਦੇ ਮੈਂਬਰ ਦੇਸ਼ਾਂ ਦੇ ਆਗੂਆਂ ਨੇ 22 ਅਗਸਤ ਨੂੰ ਜੋਹਾਨਸਬਰਗ ਵਿੱਚ ਮੀਟਿੰਗ ਕੀਤੀ ਸੀ। ਪਿਛਲੇ ਸਾਲ ਮੀਟਿੰਗ ਦਾ ਮੁੱਖ ਮੁੱਦਾ ਇਹ ਸੀ ਕਿ ਨਵੇਂ ਮੈਂਬਰਾਂ ਨੂੰ ਦਾਖਲ ਕਰਨਾ ਹੈ ਜਾਂ ਨਹੀਂ। ਫ਼ ?ਲਹਾਲ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫ਼ਰੀਕਾ ਬਰਿਕਸ ਦੇ ਮੈਂਬਰ ਦੇਸ਼ ਹਨ। ਸੰਮੇਲਨ ਲਈ ਮੇਜ਼ਬਾਨ ਦੇਸ਼ ਦੱਖਣੀ ਅਫ਼ਰੀਕਾ ਨੇ ਉਸ ਵੇਲੇ ਕਿਹਾ ਸੀ ਕਿ 40 ਜਾਂ ਇਸ ਤੋਂ ਵੱਧ ਦੇਸ਼ ਹੁਣ ਇਸ ਸਮੂਹ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ।

ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿੱਚ ਹੋਏ 17ਵੇਂ ਬਰਿਕਸ ਸੰਮੇਲਨ ਵਿੱਚ, ਮੈਂਬਰ ਦੇਸ਼ਾਂ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਇਸ ਹਮਲੇ ਵਿੱਚ 26 ਲੋਕਾਂ ਦੀ ਜਾਨ ਚਲੀ ਗਈ ਸੀ। ਦੋ ਦਿਨਾਂ ਕਾਨਫਰੰਸ ਤੋਂ ਬਾਅਦ, ਐਤਵਾਰ ਨੂੰ 31 ਪੰਨਿਆਂ ਦਾ ਸਾਂਝਾ ਐਲਾਨਨਾਮਾ ਜਾਰੀ ਕੀਤਾ ਗਿਆ। ਐਲਾਨਨਾਮੇ ਵਿੱਚ ਕਿਹਾ ਗਿਆ ਹੈ, ਅਸੀਂ 22 ਅਪ੍ਰੈਲ 2025 ਨੂੰ ਜੰਮੂ ਅਤੇ ਕਸ਼ਮੀਰ, ਭਾਰਤ ਵਿੱਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦੇ ਹਾਂ, ਜਿਸ ਵਿੱਚ 26 ਲੋਕਾਂ ਦੀ ਜਾਨ ਚਲੀ ਗਈ ਸੀ।÷ ਬਰਿਕਸ ਸੰਮੇਲਨ ਦੇ ’ਸ਼ਾਂਤੀ ਅਤੇ ਸੁਰੱਖਿਆ’ ਸੈਸ਼ਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਹਿਲਗਾਮ ਹਮਲਾ ਭਾਰਤ ਦੀ ਆਤਮਾ, ਪਛਾਣ ਅਤੇ ਮਾਣ ’ਤੇ ਸਿੱਧਾ ਹਮਲਾ ਸੀ। ਉਨ੍ਹਾਂ ਕਿਹਾ, ਅੱਤਵਾਦ ਮਨੁੱਖਤਾ ਦੇ ਸਾਹਮਣੇ ਸਭ ਤੋਂ ਗੰਭੀਰ ਚੁਣੌਤੀਆਂ ਵਿੱਚੋਂ ਇੱਕ ਹੈ। ਹਾਲ ਹੀ ਵਿੱਚ ਭਾਰਤ ਨੂੰ ਪਹਿਲਗਾਮ ਵਿੱਚ ਇੱਕ ਅਣਮਨੁੱਖੀ ਅਤੇ ਕਾਇਰਤਾਪੂਰਨ ਅੱਤਵਾਦੀ ਹਮਲੇ ਦਾ ਸਾਹਮਣਾ ਕਰਨਾ ਪਿਆ। ਇਹ ਪੂਰੀ ਮਨੁੱਖਤਾ ’ਤੇ ਹਮਲਾ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ’ਅੱਤਵਾਦ ਨੂੰ ਚੁੱਪ-ਚਾਪ ਸਹਿਮਤੀ ਦੇਣਾ, ਨਿੱਜੀ ਜਾਂ ਸਿਆਸੀ ਲਾਭ ਲਈ ਅੱਤਵਾਦ ਅਤੇ ਅੱਤਵਾਦੀਆਂ ਦਾ ਸਮਰਥਨ ਕਰਨਾ ਕਿਸੇ ਵੀ ਹਾਲਤ ਵਿੱਚ ਸਵੀਕਾਰਯੋਗ ਨਹੀਂ ਹੈ।’ ਬਰਿਕਸ ਐਲਾਨਨਾਮੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮੈਂਬਰ ਦੇਸ਼ ’ਅੱਤਵਾਦੀਆਂ ਦੀ ਸਰਹੱਦ ਪਾਰ ਆਵਾਜਾਈ, ਅੱਤਵਾਦ ਨੂੰ ਵਿੱਤੀ ਸਹਿਯੋਗ ਅਤੇ ਉਨ੍ਹਾਂ ਨੂੰ ਸੁਰੱਖਿਅਤ ਪਨਾਹਗਾਹ ਪ੍ਰਦਾਨ ਕਰਨ ਵਰਗੀਆਂ ਸਾਰੀਆਂ ਗਤੀਵਿਧੀਆਂ ਦਾ ਵਿਰੋਧ ਕਰਨ ਅਤੇ ਉਨ੍ਹਾਂ ਵਿਰੁੱਧ ਸਾਂਝੀ ਕਾਰਵਾਈ ਕਰਨ।’ ਇਸ ਤੋਂ ਪਹਿਲਾਂ 1 ਜੁਲਾਈ ਨੂੰ, ਕਵਾਡ ਦੇਸ਼ਾਂ (ਭਾਰਤ, ਅਮਰੀਕਾ, ਜਾਪਾਨ ਅਤੇ ਆਸਟ ?ਰੇਲੀਆ) ਦੇ ਵਿਦੇਸ਼ ਮੰਤਰੀਆਂ ਨੇ ਵੀ ਪਹਿਲਗਾਮ ਹਮਲੇ ਦੀ ਨਿੰਦਾ ਕੀਤੀ ਸੀ।



ਵਰਤਮਾਨ ਵਿੱਚ ਬਰਿਕਸ ਵਿੱਚ 11 ਦੇਸ਼ ਸ਼ਾਮਲ ਹਨ: ਭਾਰਤ, ਬ੍ਰਾਜ਼ੀਲ, ਰੂਸ, ਚੀਨ, ਦੱਖਣੀ ਅਫਰੀਕਾ, ਸਾਊਦੀ ਅਰਬ, ਮਿਸਰ, ਸੰਯੁਕਤ ਅਰਬ ਅਮੀਰਾਤ, ਇਥੋਪੀਆ, ਇੰਡੋਨੇਸ਼ੀਆ ਅਤੇ ਈਰਾਨ।

**ਬਰਿਕਸ ਬਣਾਉਣ ਪਿੱਛੇ ਕੀ ਕਾਰਨ ?**

2001 ਵਿੱਚ, ਨਿਵੇਸ਼ ਬੈਂਕ ਗੋਲਡਮੈਨ ਸਾਕਸ ਦੇ ਇੱਕ ਅਰਥ ਸ਼ਾਸਤਰੀ, ਜਿਮ ਓ’ਨੀਲ ਨੇ ਬ੍ਰਾਜ਼ੀਲ, ਰੂਸ, ਭਾਰਤ ਅਤੇ ਚੀਨ ਲਈ ‘ਬਰਿਕ’ ਸ਼ਬਦ ਦੀ ਵਰਤੋਂ ਕੀਤੀ। ਉਹ ਵੱਡੇ, ਮੱਧ-ਆਮਦਨ ਵਾਲੇ ਦੇਸ਼ ਹਨ ਜਿਨ੍ਹਾਂ ਦਾ ਉਸ ਸਮੇਂ ਆਰਥਿਕ ਵਿਕਾਸ ਬਹੁਤ ਤੇਜ਼ੀ ਨਾਲ ਹੋ ਰਿਹਾ ਸੀ। ਉਨ੍ਹਾਂ ਨੇ ਭਵਿੱਖਬਾਣੀ ਕੀਤੀ ਕਿ ਇਹ ਦੇਸ਼ 2050 ਤੱਕ ਦੁਨੀਆਂ ਦੀਆਂ ਪ੍ਰਮੁੱਖ ਅਰਥਵਿਵਸਥਾਵਾਂ ਬਣ ਸਕਦੇ ਹਨ। 2006 ਵਿੱਚ, ਚਾਰ ਦੇਸ਼ਾਂ ਨੇ ਬਰਿਕ ਸਮੂਹ ਦੇ ਰੂਪ ਵਿੱਚ ਇਕੱਠੇ ਹੋਣ ਦਾ ਫ਼ੈਸਲਾ ਲਿਆ। ਦੱਖਣੀ ਅਫ਼ਰੀਕਾ 2010 ਵਿੱਚ ਬਰਿਕਸ ਦਾ ਹਿੱਸਾ ਬਣਿਆ।

**ਬਰਿਕਸ ਦੀ ਅਹਿਮੀਅਤ ?**

ਬਰਿਕਸ ਦੇਸ਼ਾਂ ਦੀ ਕੁੱਲ ਆਬਾਦੀ 324 ਕਰੋੜ ਹੈ ਅਤੇ ਉਨ੍ਹਾਂ ਦੀ ਸੰਯੁਕਤ ਤੌਰ ’ਤੇ ਰਾਸ਼ਟਰੀ ਆਮਦਨ 26 ਲੱਖ ਕਰੋੜ ਹੈ। ਇਹ ਵਿਸ਼ਵ ਅਰਥਵਿਵਸਥਾ ਦਾ 26% ਹੈ। ਹਾਲਾਂਕਿ, ਇੱਕ ਅਮਰੀਕੀ ਥਿੰਕ ਟੈਂਕ ਅਟਲਾਂਟਿਕ ਕੌਂਸਲ ਮੁਤਾਬਕ ਬਰਿਕਸ ਦੇਸ਼ਾਂ ਕੋਲ ਸੰਯੁਕਤ ਰਾਸ਼ਟਰ ਦੀ ਮੁੱਖ ਵਿੱਤੀ ਸੰਸਥਾ, ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ਼) ਵਿੱਚ ਮਹਿਜ਼ 15 ਫ਼ੀਸਦ ਵੋਟਿੰਗ ਦੇ ਅਧਿਕਾਰ ਹਨ।

**ਬਰਿਕਸ ਸਮੂਹ ਦਾ ਮਕਸਦ ਕੀ ਹੈ ?**

ਬਰਿਕਸ ਨੂੰ ਕੌਮਾਂਤਰੀ ਵਿੱਤੀ ਸੰਸਥਾਵਾਂ ਜਿਵੇਂ ਕਿ ਆਈਐੱਮਐੱਫ਼ ਅਤੇ ਵਿਸ਼ਵ ਬੈਂਕ ਵਿੱਚ ਸੁਧਾਰ ਕਰਨ ਦੇ ਤਰੀਕੇ ਲੱਭਣ ਲਈ ਬਣਾਇਆ ਗਿਆ ਸੀ, ਤਾਂ ਜੋ ਉੱਭਰਦੀਆਂ ਅਰਥਵਿਵਸਥਾਵਾਂ ਲਈ ‘ਉੱਚੀ ਆਵਾਜ਼ ਅਤੇ ਨੁਮਾਇੰਦਗੀ’ ਪੈਦਾ ਕੀਤੀ ਜਾ ਸਕੇ। 2014 ਵਿੱਚ ਬਰਿਕਸ ਦੇਸ਼ਾਂ ਨੇ ਵਿਕਾਸ ਲਈ ਉੱਭਰਦੇ ਦੇਸ਼ਾਂ ਨੂੰ ਪੈਸਾ ਉਧਾਰ ਦੇਣ ਲਈ 25 ਕਰੋੜ ਡਾਲਰਾਂ ਦੇ ਫੰਡਾਂ ਨਾਲ, ਨਿਊ ਡਿਵੈਲਪਮੈਂਟ ਬੈਂਕ (ਐੱਨਡੀਬੀ) ਦੀ ਸਥਾਪਨਾ ਕੀਤੀ। ਗ਼ੈਰ-ਬਰਿਕਸ ਦੇਸ਼ ਜਿਵੇਂ ਕਿ ਮਿਸਰ ਅਤੇ ਸੰਯੁਕਤ ਅਰਬ ਅਮੀਰਾਤ ਐੱਨਡੀਬੀ ਵਿੱਚ ਸ਼ਾਮਲ ਹੋਏ ਹਨ।

**ਕੀ ਬਰਿਕਸ ਦੇਸ਼ਾਂ ਦੀ ਮੁਦਰਾ ਸਾਂਝੀ ਹੈ ?**

ਬ੍ਰਾਜ਼ੀਲ ਅਤੇ ਰੂਸ ਦੇ ਪ੍ਰਮੁੱਖ ਸਿਆਸਤਦਾਨਾਂ ਨੇ ਹਾਲ ਹੀ ਵਿੱਚ ਕੌਮਾਂਤਰੀ ਵਪਾਰ ਅਤੇ ਵਿੱਤ ਵਿੱਚ ਅਮਰੀਕੀ ਡਾਲਰ ਦੇ ਦਬਦਬੇ ਨੂੰ ਚੁਣੌਤੀ ਦੇਣ ਲਈ ਬਰਿਕਸ ਸਮੂਹ ਲਈ ਇੱਕ ਮੁਦਰਾ ਬਣਾਉਣ ਦਾ ਸੁਝਾਅ ਦਿੱਤਾ ਹੈ। ਹਾਲਾਂਕਿ, ਬਰਿਕਸ ਅਤੇ ਏਸ਼ੀਆ ਲਈ ਦੱਖਣੀ ਅਫ਼ਰੀਕਾ ਦੇ ਰਾਜਦੂਤ ਅਨਿਲ ਸੂਕਲਾਲ ਨੇ ਕਿਹਾ ਹੈ ਕਿ ਇਹ ਜੋਹਾਨਸਬਰਗ ਸੰਮੇਲਨ ਦੇ ਏਜੰਡੇ ’ਤੇ ਨਹੀਂ ਹੈ। ਗੋਲਡਮੈਨ ਸਾਕਸ ਦੇ ਜਿਮ ਓ’ਨੀਲ ਨੇ ਸਭ ਤੋਂ ਪਹਿਲਾਂ ‘ਬਰਿਕ’ ਦੇਸ਼ਾਂ ਦਾ ਵਿਚਾਰ ਦਿੱਤਾ ਸੀ। ਉਨ੍ਹਾਂ ਨੇ ਫ਼ਾਈਨਾਂਸ਼ੀਅਲ ਟਾਈਮਜ਼ ਅਖ਼ਬਾਰ ਨੂੰ ਦੱਸਿਆ ਹੈ ਕਿ ਇੱਕ ਸਾਂਝੀ ਮੁਦਰਾ ਦਾ ਵਿਚਾਰ ‘ਹਾਸੋਹੀਣਾ’ ਹੈ।

**ਬਰਿਕਸ ਦੇਸ਼ਾਂ ’ਚ ਬਰਾਬਰਤਾ ਤੇ ਵੰਡ**

ਟ੍ਰਿਨਿਟੀ ਕਾਲਜ ਡਬਲਿਨ ਦੇ ਵਿਕਾਸ ਭੂਗੋਲ ਵਿਗਿਆਨੀ, ਪ੍ਰੋਫ਼ੈਸਰ ਪੈਡਰੈਗ ਕਾਰਮੋਡੀ ਦਾ ਕਹਿਣਾ ਹੈ ਕਿ ਹਰ ਬਰਿਕਸ ਦੇਸ਼ ਆਪਣੇ ਸਬੰਧਤ ਖੇਤਰ ਵਿੱਚ ਇੱਕ ਪ੍ਰਮੁੱਖ ਦੇਸ਼ ਹੈ। ਉਹ ਕਹਿੰਦੇ ਹਨ, ਹਾਲਾਂਕਿ, ਚੀਨ ਵੱਡੀ ਅਰਥਵਿਵਸਥਾ ਹੈ ਤੇ ਤਾਕਤਵਰ ਦੇਸ਼ ਹੈ।÷ ਬਰਿਕਸ ਦੇ ਜ਼ਰੀਏ, ਇਹ ਮੌਜੂਦਾ ਕੌਮਾਂਤਰੀ ਵਿਵਸਥਾ ਨੂੰ ਸੁਧਾਰਨ ਜਾਂ ਉਲਟਾਉਣ ਦੀ ਮੰਗ ਕਰਦੇ ਹੋਏ ਆਪਣੇ ਆਪ ਨੂੰ ਗਲੋਬਲ ਸਾਊਥ ਦੀ ਮੋਹਰੀ ਆਵਾਜ਼ ਦੇ ਰੂਪ ਵਿੱਚ ਪ੍ਰਫ਼ੁੱਲਤ ਕਰ ਰਿਹਾ ਹੈ। ਹਾਲਾਂਕਿ ਏਸ਼ੀਆ-ਪੈਸੀਫ਼ ?ਕ ਖਿੱਤੇ ਵਿੱਚ ਭਾਰਤ ਤੇ ਚੀਨ ਆਪਸੀ ਵਿਰੋਧੀ ਹਨ। ਭਾਰਤ ਦਾ ਚੀਨ ਨਾਲ ਲੰਬੇ ਸਮੇਂ ਤੋਂ ਸਰਹੱਦੀ ਵਿਵਾਦ ਚੱਲ ਰਿਹਾ ਹੈ ਅਤੇ ਖੇਤਰ ਵਿੱਚ ਇਸ ਦੇ ਪ੍ਰਭਾਵ ਦੇ ਵਿਸਥਾਰ ਨੂੰ ਰੋਕਣ ਲਈ ਅਮਰੀਕਾ ਅਤੇ ਹੋਰਾਂ ਨਾਲ ਕੰਮ ਕਰ ਰਿਹਾ ਹੈ। ਬਰਿਕਸ ਦੇਸ਼ ਪੱਛਮੀ ਦੇਸ਼ਾਂ ਨਾਲ ਆਪਣੇ ਰਵੱਈਏ ਦੇ ਮੁੱਦੇ ਉੱਤੇ ਵੀ ਵੰਡੇ ਹੋਏ ਹਨ। ਲੰਡਨ ਸਥਿਤ ਥਿੰਕ ਟੈਂਕ, ਚੈਥਮ ਹਾਊਸ ਦੇ ਗਲੋਬਲ ਇਕੌਨਮੀ ਅਤੇ ਫ਼ਾਈਨਾਂਸ ਪ੍ਰੋਗਰਾਮ ਦੇ ਨਿਰਦੇਸ਼ਕ ਕ੍ਰੇਨ ਬਟਲਰ ਦੱਸਦੇ ਹਨ, ÷ਰੂਸ ਬਰਿਕਸ ਨੂੰ ਪੱਛਮ ਦੇ ਵਿਰੁੱਧ ਆਪਣੀ ਲੜਾਈ ਦੇ ਇੱਕ ਹਿੱਸੇ ਵਜੋਂ ਦੇਖਦਾ ਹੈ, ਯੂਕਰੇਨ ’ਤੇ ਹਮਲਾ ਕਰਨ ਲਈ ਉਸ ’ਤੇ ਲਗਾਈਆਂ ਗਈਆਂ ਪਾਬੰਦੀਆਂ ਨੂੰ ਹਟਵਾਉਣ ਵਿੱਚ ਮਦਦ ਦੀ ਆਸ ਕਰਦਾ ਹੈ। ਰੂਸੀ ਤੇਲ ਦੀ ਦਰਾਮਦ ’ਤੇ ਪੱਛਮੀ ਦੇਸ਼ਾਂ ਵਲੋਂ ਲਾਈਆਂ ਪਾਬੰਦੀਆਂ ਤੋਂ ਬਾਅਦ, ਭਾਰਤ ਅਤੇ ਚੀਨ ਇਸ ਦੇ ਸਭ ਤੋਂ ਵੱਡੇ ਖ਼ਰੀਦਦਾਰ ਬਣ ਗਏ ਹਨ। ਰੂਸ ਨੇ ਫ਼ਰਵਰੀ 2023 ਵਿੱਚ ਚੀਨ ਅਤੇ ਦੱਖਣੀ ਅਫ਼ਰੀਕਾ ਨਾਲ ਸੰਯੁਕਤ ਜਲ ਸੈਨਾ ਅਭਿਆਸ ਵੀ ਕੀਤਾ ਸੀ। ਹਾਲਾਂਕਿ, ਬਰਿਕਸ ਦੇ ਹੋਰ ਮੈਂਬਰ ਨਹੀਂ ਚਾਹੁੰਦੇ ਕਿ ਇਹ ਸਪੱਸ਼ਟ ਤੌਰ ’ਤੇ ਪੱਛਮੀ ਵਿਰੋਧੀ ਸਮਝੌਤਾ ਬਣਕੇ ਸਾਹਮਣੇ ਆਵੇ। ਬਟਲਰ ਕਹਿੰਦੇ ਹਨ, ਦੱਖਣੀ ਅਫ਼ਰੀਕਾ, ਬ੍ਰਾਜ਼ੀਲ ਅਤੇ ਭਾਰਤ ਵੰਡਿਆ ਹੋਇਆ ਸੰਸਾਰ ਨਹੀਂ ਚਾਹੁੰਦੇ ਹਨ। ਪੱਛਮ ਦਾ ਵਿਰੋਧ ਕਰਨਾ ਉਨ੍ਹਾਂ ਦੀ ਸੁਰੱਖਿਆ ਅਤੇ ਖ਼ੁਸ਼ਹਾਲੀ ਲਈ ਮਾੜਾ ਸਾਬਤ ਹੋ ਸਕਦਾ ਹੈ।



### ਕਿਹੜੇ ਮੁਲਕ ਬਰਿਕਸ ਦਾ ਹਿੱਸਾ ਹਨ?

| ਦੇਸ਼ | ਅਬਾਦੀ (ਕਰੋੜਾਂ ਵਿੱਚ) | ਪ੍ਰਤੀ ਵਿਅਕਤੀ ਜੀਡੀਪੀ (ਅਮਰੀਕੀ ਡਾਲਰ) |
|---|---|---|
| ਬ੍ਰਾਜ਼ੀਲ | 215.3 | 8,900 |
| ਰੂਸ | 143.6 | 15,345 |
| ਭਾਰਤ | 1,417.2 | 2,388 |
| ਚੀਨ | 1,412.2 | 12,720 |
| ਦੱਖਣੀ ਅਫ਼ਰੀਕਾ | 59.9 | 6,776 |

# ਭਾਰਤ ਵਿੱਚ ਕਿਉਂ ਅਤੇ ਕਿਵੇਂ ਫਸਿਆ 900 ਕਰੋੜ ਤੋਂ ਵੱਧ ਦੀ ਲਾਗਤ ਵਾਲਾ ਬ੍ਰਿਟਿਸ਼ ਲੜਾਕੂ ਜਹਾਜ਼, ਜਾਣੋ ਕੀ ਹੈ ਪੂਰਾ ਮਾਮਲਾ



ਤਿੰਨ ਹਫ਼ਤਿਆਂ ਤੋਂ ਭਾਰਤ ਦੇ ਇੱਕ ਹਵਾਈ ਅੱਡੇ ’ਤੇ ਫਸੇ ਅਤਿ-ਆਧੁਨਿਕ ਬ੍ਰਿਟਿਸ਼ ਲੜਾਕੂ ਜਹਾਜ਼ ਨੇ ਹੁਣ ਉਤਸੁਕਤਾ ਦੇ ਨਾਲ ਨਾਲ ਕਈ ਸਵਾਲ ਵੀ ਖੜ੍ਹੇ ਕਰ ਦਿੱਤੇ ਹਨ। ਐੱਫ-35ਬੀ ਨਾਮ ਦਾ ਇਹ ਲੜਾਕੂ ਜਹਾਜ਼ 14 ਜੂਨ ਨੂੰ ਭਾਰਤ ਦੇ ਦੱਖਣੀ ਸੂਬੇ ਕੇਰਲਾ ਦੇ ਤਿਰੂਵਨੰਤਪੁਰਮ ਹਵਾਈ ਅੱਡੇ ’ਤੇ ਉਤਾਰਿਆ ਗਿਆ ਸੀ। ਹਿੰਦ ਮਹਾਸਾਗਰ ’ਤੇ ਭਰੀ ਇੱਕ ਉਡਾਣ ਦੌਰਾਨ ਖਰਾਬ ਮੌਸਮ ਦੀ ਚਪੇਟ ਵਿੱਚ ਆਉਣ ਤੋਂ ਬਾਅਦ ਇਸ ਜਹਾਜ਼ ਨੂੰ ਤਿਰੂਵਨੰਤਪੁਰਮ ਵੱਲ ਮੋੜ ਦਿੱਤਾ ਗਿਆ ਸੀ। ਇਹ ਜਹਾਜ਼ ਸੁਰੱਖਿਅਤ ਢੰਗ ਨਾਲ ਉਤਰ ਤਾਂ ਗਿਆ ਪਰ ਉਦੋਂ ਤੋਂ ਇਸ ਵਿੱਚ ਤਕਨੀਕੀ ਖਰਾਬੀ ਆ ਗਈ ਜਿਸ ਕਾਰਨ ਇਹ ਆਪਣੇ ਕੈਰੀਅਰ ਵਿੱਚ ਵਾਪਸ ਜਾਣ ਵਿੱਚ ਅਸਮਰੱਥ ਹੈ। ਲੜਾਕੂ ਜਹਾਜ਼ ਐੱਫ-35ਬੀ ਬ੍ਰਿਟਿਸ਼ ਰੌਇਲ ਨੇਵੀ ਦੇ ਪ੍ਰਮੁੱਖ ਵਾਹਕ ਐੱਚਐੱਮਐੱਸ ਪ੍ਰਿੰਸ ਆਫ਼ ਵੇਲਜ਼ ਕੈਰੀਅਰ ਦਾ ਹਿੱਸਾ ਹੈ। ਪਰ ਇੰਨਾ ਆਧੁਨਿਕ ਜਹਾਜ਼ ਇੱਕ ਗ਼ੈਰ-ਮੁਲਕ ਵਿੱਚ ਇੰਨੇਂ ਦਿਨਾਂ ਲਈ ਕਿਵੇਂ ਫਸਿਆ ਰਹਿ ਸਕਦਾ ਹੈ? ਜਦੋਂ ਦਾ ਇਹ ਜੈੱਟ ਉਤਰਿਆ ਹੈ, ਉਸ ਤੋਂ ਬਾਅਦ ਐੱਚਐੱਮਐੱਸ ਪ੍ਰਿੰਸ ਆਫ਼ ਵੇਲਜ਼ ਦੇ ਇੰਜੀਨੀਅਰ ਇਸ ਦੀ ਜਾਂਚ ਕਰ ਰਹੇ ਹਨ। ਪਰ ਹੁਣ ਤੱਕ, ਇਹ ਟੀਮਾਂ ਇਸ ਜਹਾਜ਼ ਨੂੰ ਠੀਕ ਨਹੀਂ ਕਰ ਸਕੀਆਂ। ਬੀਤੇ ਵੀਰਵਾਰ ਨੂੰ, ਬ੍ਰਿਟਿਸ਼ ਹਾਈ ਕਮਿਸ਼ਨ ਨੇ ਬੀਬੀਸੀ ਨੂੰ ਦੱਸਿਆ ਕਿ ਯੂਕੇ ਨੇ ਤਿਰੂਵਨੰਤਪੁਰਮ ਹਵਾਈ ਅੱਡੇ ’ਤੇ ਮੌਜੂਦ ਰੱਖ-ਰਖਾਅ, ਮੁਰੰਮਤ ਅਤੇ ਓਵਰਹਾਲ ਸਹੂਲਤ ਵਿੱਚ ਜਹਾਜ਼ ਨੂੰ ਲਿਜਾਣ ਦੀ ਪੇਸ਼ਕਸ਼ ਸਵੀਕਾਰ ਕਰ ਲਈ ਹੈ। ਉਨ੍ਹਾਂ ਨੇ ਕਿਹਾ, ÷ਯੂਕੇ ਇੰਜੀਨੀਅਰਿੰਗ ਟੀਮਾਂ ਦੇ ਮਾਹਰ ਆਪਣੇ ਖ਼ਾਸ ਉਪਕਰਣਾਂ ਦੇ ਨਾਲ ਪਹੁੰਚ ਕੇ ਇਸ ਨੂੰ ਹੈਂਗਰ (ਇੱਕ ਅਜਿਹੀ ਇਮਾਰਤ ਜਾਂ ਸਰੰਚਨਾ ਜਿਸ ਨੂੰ ਜਹਾਜ਼ ਜਾਂ ਪੁਲਾੜ ਯਾਨ ਰੱਖਣ ਲਈ ਤਿਆਰ ਕੀਤਾ ਜਾਂਦਾ ਹੈ) ਵਿੱਚ ਲੈਕੇ ਜਾਣਗੇ। ਨਾਲ ਹੀ ਇਹ ਯਕੀਨੀ ਬਣਾਇਆ ਜਾਵੇਗਾ ਕਿ ਦੂਜੇ ਜਹਾਜ਼ਾਂ ਦੇ ਨਿਰਧਾਰਤ ਰੱਖ-ਰਖਾਅ ਵਿੱਚ ਘੱਟੋ-ਘੱਟ ਵਿਘਨ ਪਵੇ।÷

ਮੁਰੰਮਤ ਅਤੇ ਸੁਰੱਖਿਆ ਜਾਂਚਾਂ ਪੂਰੀਆਂ ਹੋਣ ਤੋਂ ਬਾਅਦ ਜਹਾਜ਼ ਜਲਦ ਸੇਵਾ ਵਿੱਚ ਵਾਪਸ ਆ ਜਾਵੇਗਾ। ਜ਼ਮੀਨੀ ਟੀਮਾਂ ਸੁਰੱਖਿਆ ਅਤੇ ਸੁਰੱਖਿਆ ਸਾਵਧਾਨੀਆਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਭਾਰਤੀ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੀਆਂ ਹਨ। ਇਸ ਜੈੱਟ ਦੀ ਕੀਮਤ 110 ਮਿਲੀਅਨ ਡਾਲਰ ਹੈ ਯਾਨੀ ਭਾਰਤੀ ਰੁਪਏ ’ਚ 900 ਕਰੋੜ ਤੋਂ ਵੀ ਵੱਧ। ਇਹ ਜਹਾਜ਼ ਹਰ ਪਲ ਛੇ ਰੌਇਲ ਏਅਰ ਫੋਰਸ (ਆਰਏਐੱਫ) ਅਧਿਕਾਰੀਆਂ ਦੇ ਪਹਿਰੇ ਹੇਠ ਰਹਿੰਦਾ ਹੈ।

**ਯੂਕੇ ਦੇ ਸੰਸਦ ’ਚ ਇਸ ਬਾਰੇ ਕੀ ਚਰਚਾ ਹੋ ਰਹੀ ਹੈ?**

ਮੁੰਬਈ ਵਿੱਚ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਵਿੱਚ ਕੰਮ ਕਰ ਰਹੇ ਡਾ. ਸਮੀਰ ਪਾਟਿਲ ਨੇ ਬੀਬੀਸੀ ਨੂੰ ਦੱਸਿਆ ਕਿ ਰੌਇਲ ਨੇਵੀ ਕੋਲ ਦੋ ਵਿਕਲਪ ਹਨ। ਉਨ੍ਹਾਂ ਕਿਹਾ, ਜਾਂ ਤਾਂ ਉਹ ਇਸ ਦੀ ਇੱਥੇ ਮੁਰੰਮਤ ਕਰ ਸਕਦੇ ਹਨ ਅਤੇ ਇਸ ਨੂੰ ਫਿਰ ਉਡਾਣ ਯੋਗ ਬਣਾ ਸਕਦੇ ਹਨ ਜਾਂ ਉਹ ਇਸ ਨੂੰ ਸੀ-17 ਗਲੋਬਮਾਸਟਰ ਟਰਾਂਸਪੋਰਟ ਜਹਾਜ਼ ਵਰਗੇ ਵੱਡੇ ਕਾਰਗੋ ਜਹਾਜ਼ ਵਿੱਚ ਉਡਾ ਕੇ ਵਾਪਸ ਲਿਜਾ ਸਕਦੇ ਹਨ।÷ ਇਸ ਮੁੱਦੇ ’ਤੇ ਯੂਕੇ ਸੰਸਦ ਵਿੱਚ ਵੀ ਗੱਲ ਹੋਈ। ਸੋਮਵਾਰ ਨੂੰ, ਇੱਕ ਕੰਜ਼ਰਵੇਟਿਵ ਸੰਸਦ ਮੈਂਬਰ ਬੇਨ ਓਬੇਸ-ਜੈਕਟੀ ਨੇ ਸਰਕਾਰ ਨੂੰ ਪੁੱਛਿਆ ਕਿ ਉਹ ਜਹਾਜ਼ ਨੂੰ ਠੀਕ ਕਰਨ ਅਤੇ ਇਸ ਨੂੰ ਸੁਰੱਖਿਅਤ ਰੱਖਣ ਲਈ ਕੀ ਕਰ ਰਹੇ ਹਨ। ਯੂਕੇ ਡਿਫੈਂਸ ਜਰਨਲ ਦੀ ਇੱਕ ਰਿਪੋਰਟ ਮੁਤਾਬਕ ਬੇਨ ਨੇ ਪੁੱਛਿਆ, ਸਰਕਾਰ ਜਹਾਜ਼ ਨੂੰ ਠੀਕ ਕਰਨ ਲਈ ਕੀ ਕਦਮ ਚੁੱਕ ਰਹੀ ਹੈ? ਇਸ ਵਿੱਚ ਕਿੰਨਾ ਸਮਾਂ ਲੱਗੇਗਾ, ਅਤੇ ਸਰਕਾਰ ਜੈੱਟ ’ਤੇ ਸੁਰੱਖਿਅਤ ਤਕਨਾਲੋਜੀਆਂ ਦੀ ਸੁਰੱਖਿਆ ਨੂੰ ਕਿਵੇਂ ਯਕੀਨੀ ਬਣਾਏਗੀ ਜਦੋਂ ਇਹ ਗ਼ੈਰ- ਮੁਲਕ ਦੇ ਇੱਕ ਹੈਂਗਰ ਵਿੱਚ ਹੈ ਅਤੇ ਨਜ਼ਰ ਤੋਂ ਬਾਹਰ ਹੈ? ਬ੍ਰਿਟਿਸ਼ ਹਥਿਆਰਬੰਦ ਸੈਨਾ ਦੇ ਮੰਤਰੀ ਲੂਕ ਪੋਲਾਰਡ ਨੇ ਇਸ ਦੇ ਜਵਾਬ ਵਿੱਚ ਕਿਹਾ ਕਿ ਅਜੇ ਵੀ ਇਸ ਜਹਾਜ਼ ’ਤੇ ਯੂਕੇ ਦਾ ਪੂਰਾ ਕੰਟਰੋਲ ਹੈ। ਉਨ੍ਹਾਂ ਨੇ ਕਿਹਾ ਅਸੀਂ ਆਪਣੇ ਭਾਰਤੀ ਦੋਸਤਾਂ ਨਾਲ ਰੱਲ ਕੇ ਕੰਮ ਕਰ ਰਹੇ ਹਾਂ ਜਿਨ੍ਹਾਂ ਨੇ ਇਸ ਜਹਾਜ਼ ਦੇ ਖਰਾਬ ਹੋਣ ਮਗਰੋਂ ਸਾਡੀ ਕਾਫੀ ਮਦਦ ਕੀਤੀ। ਮੈਨੂੰ ਯਕੀਨ ਹੈ ਕਿ ਜੈੱਟ ਦੀ ਸੁਰੱਖਿਆ ਚੰਗੇ ਹੱਥਾਂ ਵਿੱਚ ਹੈ ਕਿਉਂਕਿ ਰੌਇਲ ਏਅਰ ਫੋਰਸ ਦੇ ਅਮਲੇ ਹਰ ਸਮੇਂ ਇਸ ਦੇ ਨਾਲ ਰਹਿੰਦੇ ਹਨ।

**ਐੱਫ-35ਬੀ ਨੂੰ ਕੀ ਖ਼ਾਸ ਬਣਾਉਂਦਾ ਹੈ?**

ਐੱਫ-35ਬੀ ਬਹੁਤ ਹੀ ਉੱਨਤ ਸਟੀਲਥ ਜੈੱਟ ਹੈ ਜੋ ਕਿ ਲਾਕਹੀਡ ਮਾਰਟਿਨ ਦੁਆਰਾ ਬਣਾਇਆ ਗਿਆ ਹੈ। ਇਹ ਆਪਣੀ ਛੋਟੇ ਟੇਕ ਆਫ਼ ਅਤੇ ਵਰਟੀਕਲ ਲੈਂਡਿੰਗ ਸਮਰੱਥਾ ਲਈ ਜਾਣੇ ਜਾਂਦੇ ਹਨ। ਫ਼ਿਲਹਾਲ ਕੇਰਲ ਦੀ ਬਾਰਿਸ਼ ’ਚ ਭਿੱਜਦੇ ਐੱਫ-35ਬੀ ਦੀਆਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਖੂਬ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਇਸ ’ਤੇ ਬਹੁਤ ਸਾਰੇ ਮੀਮਜ਼ ਵੀ ਬਣ ਰਹੇ ਹਨ। ਇੱਕ ਵਾਇਰਲ ਮਜ਼ਾਕੀਆ ਪੋਸਟ ਵਿੱਚ ਆਖਿਆ ਗਿਆ ਕਿ ਇਹ ਜੈੱਟ ਔਨਲਾਈਨ ਸਾਈਟ ’ਤੇ 4 ਮਿਲੀਅਨਡਾਲਰ ਦੀ ਕੀਮਤ ’ਤੇ ਵਿਕਾਊ ਹੈ। ਸੂਚੀ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਜੈੱਟ ਵਿੱਚ ਆਟੋਮੈਟਿਕ ਪਾਰਕਿੰਗ, ਬਿਲਕੁਲ ਨਵੇਂ ਟਾਇਰ, ਇੱਕ ਨਵੀਂ ਬੈਟਰੀ ਅਤੇ ਟਰੈਫਿਕ ਉਲੰਘਣਾ ਕਰਨ ਵਾਲਿਆਂ ਨੂੰ ਨਸ਼ਟ ਕਰਨ ਲਈ ਇੱਕ ਆਟੋਮੈਟਿਕ ਬੰਦੂਕ ਵਰਗੀਆਂ ਵਿਸ਼ੇਸ਼ਤਾਵਾਂ ਸ਼ਾਮਲ ਹਨ। ਐਕਸ ’ਤੇ ਇੱਕ ਉਪਭੋਗਤਾ ਨੇ ਕਿਹਾ ਕਿ ਜੈੱਟ ਭਾਰਤੀ ਨਾਗਰਿਕਤਾ ਦਾ ਹੱਕਦਾਰ ਹੈ ਕਿਉਂਕਿ ਇਹ ਕਾਫ਼ੀ ਸਮੇਂ ਤੋਂ ਦੇਸ਼ ਵਿੱਚ ਮਜੂਦ ਹੈ। ਜਦੋਂ ਕਿ ਇੱਕ ਹੋਰ ਉਪਭੋਗਤਾ ਨੇ ਸੁਝਾਅ ਦਿੱਤਾ ਕਿ ਭਾਰਤ ਨੂੰ ਹੁਣ ਇਸ ਦਾ ਕਿਰਾਇਆ ਲੈਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਕੋਹਿਨੂਰ ਹੀਰਾ ਇਸ ਕਿਰਾਏ ਦਾ ਸਭ ਤੋਂ ਢੁਕਵਾਂ ਭੁਗਤਾਨ ਹੋਵੇਗਾ। ਬੁੱਧਵਾਰ ਨੂੰ ਕੇਰਲ ਸਰਕਾਰ ਦੇ ਟੂਰਿਜ਼ਮ ਵਿਭਾਗ ਵੀ ਐਕਸ ’ਤੇ ਇੱਕ ਪੋਸਟ ਦੇ ਨਾਲ ਇਸ ਮੀਮ ਫੈਸਟ ਵਿੱਚ ਸ਼ਾਮਲ ਹੋਇਆ। ਇਸ ਪੋਸਟ ’ਚ ਉਨ੍ਹਾਂ ਨੇ ਕਿਹਾ ਕੇਰਲ, ਉਹ ਥਾਂ ਹੈ ਜਿਸ ਨੂੰ ਛੱਡਣ ਦਾ ਦਿੱਲ ਨਹੀਂ ਕਰਦਾ। ਪੋਸਟ ਵਿੱਚ ਰਨਵੇਅ ’ਤੇ ਖੜ੍ਹੇ ਇੱਕ ਐੱਫ-35ਬੀ ਦੀ ਇੱਕ ਏਆਈ ਨਾਲ ਤਿਆਰ ਕੀਤੀ ਫੋਟੋ ਸ਼ਾਮਲ ਸੀ ਜਿਸਦੇ ਪਿਛੋਕੜ ਵਿੱਚ ਨਾਰੀਅਲ ਦੇ ਦਰੱਖਤ ਸਨ।

## ਜਹਾਜ਼ ਦੇ ਲੰਬਾ ਸਮਾਂ ਫ਼ਸੇ ਰਹਿਣ ਦੇ ਕੀ ਮਾਅਨੇ ਹਨ?

ਡਾ. ਪਾਟਿਲ ਕਹਿੰਦੇ ਹਨ ਕਿ ਹਰ ਗੁਜ਼ਰਦੇ ਦਿਨ ਦੇ ਨਾਲ ਇਹ ਫਸਿਆ ਹੋਇਆ ਜਹਾਜ਼ ਰੌਇਲ ਨੇਵੀ ਦੀ ਸਾਖ ’ਤੇ ਮਾੜਾ ਪ੍ਰਭਾਵ ਪਾ ਰਿਹਾ ਹੈ। ਚੁਟਕਲੇ ਅਤੇ ਮੀਮਜ਼, ਅਫਵਾਹਾਂ ਆਦਿ ਬ੍ਰਿਟਿਸ਼ ਰੌਇਲ ਨੇਵੀ ਦੀ ਤਸਵੀਰ ਅਤੇ ਭਰੋਸੇਯੋਗਤਾ ਨੂੰ ਪ੍ਰਭਾਵਿਤ ਕਰ ਰਹੇ ਹਨ। ਜੈੱਟ ਜਿੰਨਾ ਚਿਰ ਫਸਿਆ ਰਹੇਗਾ, ਓਨੀ ਹੀ ਜ਼ਿਆਦਾ ਗਲਤ ਜਾਣਕਾਰੀ ਸਾਹਮਣੇ ਆਵੇਗੀ। ਇਹ ਇੰਜੀਨੀਅਰਿੰਗ ਮੁੱਦੇ ÷ਬਹੁਤ ਜ਼ਿਆਦਾ ਗੰਭੀਰ ਪ੍ਰਕਿਰਤੀ ਦੇ ਜਾਪਦੇ ਹਨ ਜਿੰਨਾ ਸੋਚਿਆ ਗਿਆ ਸੀ ਉਸ ਤੋਂ ਕੀਤੇ ਵੱਧ। ਉਹ ਕਹਿੰਦੇ ਹਨ ਕਿ ਜ਼ਿਆਦਾਤਰ ਫੌਜਾਂ ਸਭ ਤੋਂ ਖ਼ਤਰਨਾਕ ਸਥਿਤੀ ਨਾਲ ਨਿਜਠਣ ਲਈ ਤਿਆਰ ਹੁੰਦੀਆਂ ਹਨ ਅਤੇ ਇਹ ਵੀ ਇਕ ਅਜੇਹੀ ਹੀ ਸਥਿਤੀ ਹੈ ਕਿਉਂਕਿ ਜਹਾਜ਼ ਵਿਦੇਸ਼ੀ ਜ਼ਮੀਨ ’ਤੇ ਫਸਿਆ ਹੋਇਆ ਹੈ। ਜ਼ਿਆਦਾਤਰ ਫੌਜਾਂ ਕੋਲ ਇਸ ਤਰ੍ਹਾਂ ਦੇ ਹਾਲਾਤ ਵਾਪਰਨ ਅਤੇ ਕਾਰਵਾਈ ਕਰਨ ਲਈ ਇੱਕ ਸਟੈਂਡਰਡ ਓਪਰੇਟਿੰਗ ਪ੍ਰੋਸੀਜਰ (ਐੱਸਓਪੀ) ਉਪਲੱਬਧ ਹੁੰਦਾ ਹੈ। ਤਾਂ ਕੀ ਰੌਇਲ ਨੇਵੀ ਕੋਲ ਐੱਸਓਪੀ ਨਹੀਂ ਹੈ? ਉਹ ਕਹਿੰਦੇ ਹਨ ਕਿ ਇਸ ਦੇ ਮਾਇਨੇ ਸੱਚਮੁੱਚ ਮਾੜੇ ਹਨ। ਜੇਕਰ ਦੁਸ਼ਮਣ ਦੇ ਇਲਾਕੇ ਵਿੱਚ ਅਜਿਹਾ ਕੁਝ ਵਾਪਰਿਆ ਹੁੰਦਾ, ਤਾਂ ਕੀ ਉਨ੍ਹਾਂ ਨੇ ਇੰਨਾ ਸਮਾਂ ਲਿਆ ਹੁੰਦਾ? ਇਹ ਇੱਕ ਪੇਸ਼ੇਵਰ ਜਲ ਸੈਨਾ ਲਈ ਬਹੁਤ ਮਾੜੀ ਛਵੀ ਬਣਾਉਂਦਾ ਹੈ।

# ਅਬੋਹਰ ਦੇ ਕੱਪੜਾ ਵਪਾਰੀ ਦੇ ਕਤਲ ਕੇਸ ਵਿੱਚ ਦੋ ਮੁਲਜ਼ਮਾਂ ਦਾ ਪੁਲਿਸ ਵੱਲੋਂ ਐਨਕਾਊਂਟਰ ਦਾ ਦਾਅਵਾ, ਮਾਮਲੇ ’ਚ ਹੁਣ ਤੱਕ ਕੀ-ਕੀ ਹੋਇਆ

ਅਬੋਹਰ ਦੇ ਕੱਪੜਾ ਵਪਾਰੀ ਤੇ ਡਿਜ਼ਾਈਨਰ ਸੰਜੇ ਵਰਮਾ ਦੇ ਕਤਲ ਮਾਮਲੇ ਵਿੱਚ ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਕੇਸ ਦੇ ਦੋ ਮੁਲਜ਼ਮਾਂ ਦਾ ਐਨਕਾਊਂਟਰ ਕਰ ਦਿੱਤਾ ਗਿਆ ਹੈ। ਹਾਲਾਂਕਿ, ਐਨਕਾਊਂਟਰ ਤੋਂ ਕੁਝ ਘੰਟੇ ਪਹਿਲਾਂ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ (ਲਾਅ ਐਂਡ ਆਰਡਰ) ਅਰਪਿਤ ਸ਼ੁਕਲਾ ਨੇ ਪ੍ਰੈੱਸ ਕਾਨਫਰੰਸ ਕਰ ਕੇ ਕਾਤਲਾਂ ਦੀ ਪਛਾਣ ਕਰਨ ਅਤੇ ਦੋ ਵਿਅਕਤੀਆਂ ਦੀ ਗ੍ਰਿਫ਼ਤਾਰੀ ਬਾਰੇ ਜਾਣਕਾਰੀ ਦਿੱਤੀ ਸੀ। ਪਰ ਕੁਝ ਘੰਟਿਆਂ ਬਾਅਦ ਪੁਲਿਸ ਨੇ ਉਨ੍ਹਾਂ ਦੇ ਐਨਕਾਊਂਟਰ ਹੋਣ ਦੀ ਜਾਣਕਾਰੀ ਦਿੱਤੀ। ਦਰਅਸਲ, ਸੋਮਵਾਰ ਨੂੰ ਫਾਜ਼ਿਲਕਾ ਜ਼ਿਲ੍ਹੇ ਦੇ ਅਬਹੋਰ ਵਿੱਚ ਕੱਪੜਾ ਵਪਾਰੀ ਤੇ ਡਿਜ਼ਾਇਨਰ ਸੰਜੇ ਵਰਮਾ ਦਾ ਕਤਲ ਕਰ ਦਿੱਤਾ ਗਿਆ ਸੀ। ਸੰਜੇ ਵਰਮਾ ਨੂੰ ਉਸ ਸਮੇਂ ਗੋਲੀਆਂ ਮਾਰੀਆਂ ਗਈਆਂ ਜਦੋਂ ਉਹ ਆਪਣੀ ਕਾਰ ਤੇ ਸ਼ੋਅਰੂਮ ਪਹੁੰਚੇ ਸਨ। ਮੰਗਲਵਾਰ ਨੂੰ ਉਨ੍ਹਾਂ ਦਾ ਅਬੋਹਰ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਕਤਲ ਦੀ ਇਸ ਵਾਰਦਾਤ ਤੋਂ ਬਾਅਦ ਸਥਾਨਕ ਵਪਾਰੀਆਂ ਵਿੱਚ ਰੋਸ ਦੇਖਿਆ ਜਾ ਰਿਹਾ ਹੈ।

**ਕਿਵੇਂ ਹੋਇਆ ਐਨਕਾਊਂਟਰ**

ਐਨਕਾਊਂਟਰ ਤੋਂ ਬਾਅਦ ਡੀਆਈਜੀ ਹਰਮਨਬੀਰ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁੱਲ ਪੰਜ ਜਣੇ ਆਏ ਸਨ, ਜਿਨ੍ਹਾਂ ਵਿੱਚੋਂ 3 ਜਣੇ ਮੋਟਰਸਾਈਕਲ ਅਤੇ ਦੋ ਪਿੱਛੇ ਇੱਕ ਕਾਰ ਵਿੱਚ ਇਨ੍ਹਾਂ ਨੂੰ ਭਜਾ ਕੇ ਲੈ ਕੇ ਗਏ ਸਨ। ਉਨ੍ਹਾਂ ਨੇ ਕਿਹਾ, ਜਦੋਂ ਸਾਡੀ ਟੀਮ ਨੇ ਇਨ੍ਹਾਂ ਵਿੱਚੋਂ ਦੋ ਲੋਕਾਂ ਨੂੰ ਜਸਪ੍ਰੀਤ ਸਿੰਘ ਅਤੇ ਰਾਮ ਰਤਨ ਨੂੰ ਗ੍ਰਿਫ਼ਤਾਰ ਕੀਤਾ ਅਤੇ ਇਨ੍ਹਾਂ ਤੋਂ ਪੁੱਛਗਿੱਛ ਕੀਤੀ। ਪੁੱਛਗਿੱਛ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਰਾਹ ਵਿੱਚ ਆਪਣੀਆਂ ਪੱਗਾਂ ਅਤੇ ਕੱਪੜੇ ਬਦਲੇ ਸਨ। ਇਸ ਤੋਂ ਇਲਾਵਾ ਜਿਹੜੇ ਹਥਿਆਰਾਂ ਦੀ ਇਨ੍ਹਾਂ ਨੇ ਵਰਤੋਂ ਕੀਤੀ ਉਹ ਵੀ ਇਨ੍ਹਾਂ ਨੇ ਰਸਤੇ ਵਿੱਚ ਹੀ ਕਿਤੇ ਲੁਕਾ ਦਿੱਤੇ ਸਨ। ਉਨ੍ਹਾਂ ਕੱਪੜਿਆਂ ਅਤੇ ਹਥਿਆਰਾਂ ਦੀ ਰਿਕਵਰੀ ਵਾਸਤੇ ਵੱਖ-ਵੱਖ ਥਾਵਾਂ @ਤੇ ਖੋਜ ਚੱਲ ਰਹੀ ਸੀ। ਇੱਕ ਟੀਮ ਸਾਡੀ ਹਥਿਆਰਾਂ ਦੀ ਰਿਕਵਰੀ ਲਈ ਮੁਲਜ਼ਮਾਂ ਵੱਲੋਂ ਦੱਸੀ ਗਈ ਥਾਂ ਪੀਰ ਟਿੱਬੇ ਦੇ ਪਿਛਲੇ ਪਾਸੇ ਪਹੁੰਚੇ ਤਾਂ ਉੱਥੇ ਮੌਜੂਦ ਉਨ੍ਹਾਂ ਦੇ ਦੂਜੇ ਸਾਥੀਆਂ ਨੇ ਪੁਲਿਸ ਦੇਖ ਕੇ ਗੋਲੀ ਚਲਾ ਦਿੱਤੀ। ਜਦੋਂ ਪੁਲਿਸ ਆਪਣੇ ਬਚਾਅ ਲਈ ਜਵਾਬੀ ਕਾਰਵਾਈ ਕੀਤੀ ਤਾਂ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਲੋਕ ਮਾਰੇ ਗਏ। ਮੌਕੇ ਤੋਂ 30 ਬੋਰ ਦਾ ਪਿਸਤੌਲ ਅਤੇ ਖਾਲ੍ਹੀ ਖੋਰ ਬਰਾਮਦ ਹੋਏ ਹਨ। ਇਸ ਵਿੱਚ ਵੱਖਰਾ ਪਰਚਾ ਦਰਜ ਕਰ ਕੇ ਇਸ ਦੀ ਵੱਖਰੀ ਤੌਰ ਤੇ ਜਾਂਚ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਇਸ ਦੌਰਾਨ ਪੁਲਿਸ ਦਾ ਸੀਨੀਅਰ ਹਵਲਦਾਰ ਵੀ ਗੋਲੀ ਲੱਗਣ ਕਾਰਨ ਜਖ਼ਮੀ ਹੋ ਗਿਆ ਅਤੇ ਜ਼ੇਰੇ ਇਲਾਜ ਹੈ।

**ਸਾਡਾ ਤਾਂ ਕੋਈ ਦੁਸ਼ਮਣ ਵੀ ਨਹੀਂ ਸੀ**



ਵਾਰਦਾਤ ਬਾਰੇ ਵਾਇਰਲ ਹੋਈ ਸੀਸੀਟੀਵੀ ਫੁਟੇਜ ਵਿੱਚ ਦੇਖਿਆ ਜਾ ਸਕਦਾ ਹੈ ਕਿ ਸੰਜੇ ਵਰਮਾ ਉੱਤੇ ਤਿੰਨ ਹਮਲਾਵਰਾਂ ਨੇ ਹਮਲਾ ਕੀਤਾ। ਇਸ ਮਗਰੋਂ ਸੰਜੇ ਵਰਮਾ ਨੂੰ ਹਸਪਤਾਲ ਪਹੁੰਚਿਆ ਗਿਆ ਜਿੱਥੇ ਉਨ੍ਹਾਂ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। 58 ਸਾਲਾਂ ਸੰਜੇ ਵਰਮਾ ਪਿਛਲੇ ਲੰਬੇ ਸਮੇਂ ਤੋਂ ਵੀਅਰ ਵੈੱਲ ਦੇ ਨਾਮ ’ਤੇ ਆਪਣਾ ਸ਼ੋਅਰੂਮ ਚਲਾ ਰਹੇ ਸਨ ਜਿਸ ਵਿੱਚ ਭਾਰਤ ਤੋਂ ਇਲਾਵਾ ਬਾਹਰਲੇ ਮੁਲਕਾਂ ਤੋਂ ਲੋਕ ਕੱਪੜੇ ਸਵਾਉਣ ਲਈ ਆਉਂਦੇ ਸਨ। ਸੰਜੇ ਵਰਮਾ ਦੇ ਤਿੰਨ ਬੱਚੇ ਹਨ, ਦੋ ਕੁੜੀਆਂ ਅਤੇ ਇੱਕ ਮੁੰਡਾ ਹੈ। ਸੰਜੇ ਵਰਮਾ ਦੇ ਭਰਾ ਜਗਤ ਭਰਮਾ ਨੇ ਕਿਹਾ ਕਿ ਰਾਜੇ ਦਾ ਕੰਮ ਹੁੰਦਾ ਇਨਸਾਫ਼ ਦੇਣਾ ਅਤੇ ਸੁਰੱਖਿਆ ਦੇਣਾ, ਹੋਰ ਕੁਝ ਵੀ ਨਹੀਂ। ਉਨ੍ਹਾਂ ਨੇ ਕਿਹਾ, ਜੋ ਇਨਸਾਨ ਕਰੋੜਾਂ ਰੁਪਏ ਟੈਕਸ ਭਰਦਾ, 500 ਬੰਦਿਆਂ ਨੂੰ ਰੁਜ਼ਗਾਰ ਦਿੰਦਾ ਹੈ। ਉਹ ਸਵੇਰੇ ਤਿਆਰ ਹੋ ਕੇ ਕੰਮ @ਤੇ ਜਾਂਦਾ ਹੈ ਅਤੇ ਰਸਤੇ ਵਿੱਚ ਉਸ ਨੂੰ 12 ਗੋਲੀਆਂ ਮਾਰ ਕੇ ਮਾਰ ਦਿੱਤਾ ਜਾਂਦਾ ਹੈ ਕੀ ਇਹੀ ਸੁਰੱਖਿਆ ਹੈ। ਉਨ੍ਹਾਂ ਨੇ ਭਰੇ ਮਨ ਨਾਲ ਕਿਹਾ, ਸੀਂ ਦੋ ਭਰਾ ਇੱਕ ਜਾਨ ਸੀ। ਸਾਡਾ ਤਾਂ ਕੋਈ ਦੁਸ਼ਮਣ ਹੀ ਨਹੀਂ ਸੀ। ਸਾਡੇ ਕੋਲ ਕੋਈ ਬੰਦਾ ਨਾਰਾਜ਼ ਹੋ ਜਾਵੇ ਤਾਂ ਅਸੀਂ ਦੋਵੇਂ ਭਰਾ ਮੁਆਫ਼ੀ ਮੰਗਣ ਉਸ ਦੇ ਘਰ ਚਲੇ ਜਾਂਦੇ ਸੀ। ਮੈਨੂੰ ਮੇਰਾ ਭਰਾ ਲਿਆ ਦਿਓ ਮੇਰਾ ਸਾਰਾ ਕੁਝ ਲੈ ਲਓ। ਪਤਾ ਨਹੀਂ ਕੀ ਕਰਨਾ। ਨਾ ਕੋਈ ਧਮਕੀ ਮਿਲੀ, ਜੇ ਮਿਲੀ ਹੁੰਦਾ ਤਾਂ ਮੈਨੂੰ ਜ਼ਰੂਰ ਦੱਸਦਾ। ਬੱਸ ਸਿੱਧਾ ਆਏ ਤਾਂ ਗੋਲੀ ਮਾਰ ਦਿੱਤੀ। ਪਬਲਿਕ ਨੂੰ ਹੋਰ ਕੁਝ ਨਹੀਂ ਚਾਹੀਦਾ ਬੱਸ ਸੁਰੱਖਿਆ ਚਾਹੀਦੀ ਹੈ। ਸਰਕਾਰ ਨੂੰ ਦੋ ਚੀਜ਼ਾਂ ਤੇ ਧਿਆਨ ਦੇਣਾ ਚਾਹੀਦਾ ਹੈ ਇਨਸਾਫ਼ ਅਤੇ ਸੁਰੱਖਿਆ। ਪਰ ਨਾ ਇਨਸਾਫ਼ ਹੈ ਤੇ ਨਾ ਸੁਰੱਖਿਆ ਹੈ, ਹਰੇਕ ਬੰਦੇ ਲਈ ਵੱਖ ਕਾਨੂੰਨ ਹੈ। ਉਨ੍ਹਾਂ ਨੇ ਕਿਹਾ, ਕਿਸੇ ਨਾਲ ਵੀ ਅਜਿਹੀ ਵਾਰਦਾਤ ਵਾਪਰੇ ਤਾਂ ਉਨ੍ਹਾਂ ਨੂੰ ਟਾਈਮ ਨਾਲ ਇਨਸਾਫ਼ ਮਿਲਣਾ ਚਾਹੀਦਾ ਹੈ ਨਾ ਕਿ ਸਾਲਾਂ ਤੱਕ ਇਨਸਾਫ਼ ਲਈ ਇੰਤਜ਼ਾਰ ਕਰਨਾ ਪਵੇ। ਵਪਾਰ ਮੰਡਲ ਬੋਰਡ ਦੇ ਪ੍ਰਧਾਨ ਸੁਰੇਸ਼ ਸਤੀਜਾ ਨੇ ਇਸ ਘਟਨਾ ਬਾਰੇ ਗੱਲ ਕਰਦਿਆਂ ਕਿਹਾ ਕਿ ਸੰਜੇ ਵਰਮਾ ਮਿਲਣਸਾਰ ਵਿਅਕਤੀ ਸਨ। ਉਹ 40-45 ਸਾਲ ਪਹਿਲਾਂ ਦਿੱਲੀ ਤੋਂ ਟੇਲਰਿੰਗ ਅਤੇ ਡਿਜ਼ਾਈਨਿੰਗ ਦਾ ਕੰਮ ਸਿੱਖ ਕੇ ਆਏ ਸਨ। ਉਨ੍ਹਾਂ ਨੇ ਅੱਗੇ ਦੱਸਿਆ, ÷ਛੋਟੇ ਜਿਹੇ ਪੱਧਰ ਤੋਂ ਕੰਮ ਸ਼ੁਰੂ ਕੀਤਾ ਸੀ ਪਰ ਹੁਣ ਕਾਫੀ ਵੱਡੇ ਪੱਧਰ @ਤੇ ਚਲਾ ਰਹੇ ਸਨ। ਇਹ ਟੇਲਰਿੰਗ ਦਾ ਕੰਮ ਆਪ ਆਪਣੇ ਹੱਥਾਂ ਨਾਲ ਕਰਦੇ ਸਨ, ਹਾਲਾਂਕਿ ਕਾਰੀਗਰ ਵੀ ਰੱਖੇ ਸਨ ਪਰ ਮਾਪ ਲੈਣਾ ਅਤੇ ਕਟਿੰਗ ਆਪ ਹੀ ਕਰਦੇ ਸਨ। ਕ੍ਰਿਕਟਰ, ਫਿਲਮੀ ਹਸਤੀਆਂ ਕਾਫੀ ਇਨ੍ਹਾਂ ਕੋਲ ਆਉਂਦੀਆਂ ਸਨ। ÷ਇਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਸੀ। ਇਹ ਤਾਂ ਬਹੁਤ ਧੱਕਾ ਹੋਇਆ ਹੈ। ਇਸ ਘਟਨਾ ਤੋਂ ਬਾਅਦ ਵਪਾਰੀ ਕਾਫੀ ਦਹਿਸ਼ਤ ਵਿੱਚ ਹਨ। ਸਾਨੂੰ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਹਦਾਇਤਾਂ ਆਉਂਦੀਆਂ ਰਹੀਆਂ ਕਿ ਕੈਮਰੇ ਲਗਵਾਉ। ਪੁਲਿਸ ਵੀ ਸ਼ਿਕਾਇਤ ਲੈ ਲੈਂਦੀ ਹੁੰਦੀ ਹੈ ਪਰ ਸਮੇਂ ਨਾਲ ਕਾਰਵਾਈ ਨਹੀਂ ਕਰਦੀ। ਜੇ ਪੁਲਿਸ ਸਮੇਂ ਰਹਿੰਦਿਆਂ ਮੁਸਤੈਦ ਹੋ ਜਾਂਦੀ ਤਾਂ ਅਜਿਹੀ ਘਟਨਾ ਸ਼ਾਇਦ ਨਾ ਵਾਪਰਦੀ।

# Preetnama

ਪ੍ਰੀਤਨਾਮਾ ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 311

Website: www.preetnama.com Email preetnamausa@gmail.com

11 JULY TO 17 JULY ,2025




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 311

Website: www.preetnama.com Email preetnamausa@gmail.com

11 JULY TO 17 JULY ,2025




# ਜਦੋਂ 10 ਦਿਨਾਂ ਦੀ ਧੀ ਨੂੰ ਅਗਵਾ ਕਰਕੇ ਘਰ ਦੇ ਨੇੜੇ ਹੀ 6 ਸਾਲਾਂ ਤੱਕ ਰੱਖਿਆ, ਫਿਰ ਖੁਲਾਸਾ ਕਿਵੇਂ ਹੋਇਆ



## ਧੀ ਦੀ ਪਛਾਣ ਕਰਨਾ

ਉਨ੍ਹਾਂ ਦਿਨਾਂ ਵਿੱਚ ਹੀ ਕੈਰੋਲਿਨ ਖ਼ੁਦ ਇੱਕ ਬੱਚੇ ਦੀ ਉਮੀਦ ਕਰ ਰਹੀ ਸੀ। ਉਹ ਖੁਸ਼ ਲੱਗ ਰਹੀ ਸੀ। ਉਸਦੇ ਪਰਿਵਾਰ, ਦੋਸਤਾਂ ਅਤੇ ਸਹਿਕਰਮੀਆਂ ਨੇ ਉਸਦੇ ਚੌਥੇ ਬੱਚੇ ਦੇ ਗਰਭਵਤੀ ਹੋਣ ਬਾਰੇ ਉਸਦੀ ਗੱਲਬਾਤ ਸੁਣੀ। ਇਹ ਇੱਕ ਕੁੜੀ ਸੀ, ਜਿਸਦਾ ਨਾਮ ਉਸਨੇ ਆਲੀਆ ਰੱਖਿਆ। ਕੈਰੋਲਿਨ ਨੇ ਕਿਹਾ ਕਿ ਉਸਨੇ ਇੱਕ ਦੋਸਤ ਦੀ ਮਦਦ ਨਾਲ ਘਰ ਵਿੱਚ ਹੀ ਬੱਚੇ ਨੂੰ ਜਨਮ ਦਿੱਤਾ ਸੀ। ਉਹ ਲੂਜ਼ ਅਤੇ ਪੇਡਰੋ ਦੇ ਘਰ ਤੋਂ 20 ਕਿਲੋਮੀਟਰ ਦੂਰ ਰਹਿੰਦੀ ਸੀ, ਇਸ ਲਈ ਉਹ ਇੱਕ ਦੂਜੇ ਨੂੰ ਬਹੁਤ ਘੱਟ ਮਿਲਦੇ ਸਨ ਅਤੇ ਕੁਝ ਸਾਲਾਂ ਬਾਅਦ ਲੂਜ਼ ਅਤੇ ਪੇਡਰੋ ਵੱਖ ਹੋ ਗਏ। ਫ਼ਿਰ ਜਨਵਰੀ 2004 ਵਿੱਚ ਪੇਡਰੋ ਦੀ ਭੈਣ ਦੇ ਘਰ ਇੱਕ ਜਨਮਦਿਨ ਦੀ ਪਾਰਟੀ ਰੱਖੀ ਗਈ। ਭਾਵੇਂ ਉਹ ਹੁਣ ਇਕੱਠੇ ਨਹੀਂ ਸਨ, ਪਰ ਲੂਜ਼ ਦੇ ਅਜੇ ਵੀ ਵੇਰਾ ਪਰਿਵਾਰ ਨਾਲ ਚੰਗੇ ਸਬੰਧ ਸਨ ਅਤੇ ਉਨ੍ਹਾਂ ਨੇ ਉਸਨੂੰ ਇਸ ਜਸ਼ਨ ਲਈ ਸੱਦਾ ਭੇਜਿਆ। ਜਦੋਂ ਉਹ ਪਾਰਟੀ ਵਿੱਚ ਪਹੁੰਚੀ, ਉਸਨੇ ਕੈਰੋਲਿਨ ਨੂੰ ਇੱਕ ਛੋਟੀ ਕੁੜੀ ਨਾਲ ਦੇਖਿਆ ਅਤੇ ਕਿਸੇ ਚੀਜ਼ ਨੇ ਉਸਦਾ ਧਿਆਨ ਖਿੱਚਿਆ, ਬੱਚੇ ਦੇ ਡਿੰਪਲ। ਲੂਜ਼ ਨੇ ਉਸੇ ਸਮੇਂ ਆਪਣੀ ਭੈਣ ਨੂੰ ਦੱਸਿਆ ਕਿ ਛੋਟੀ ਕੁੜੀ ਡੇਲੀਮਰ ਸੀ। ਜਦੋਂ ਕੁੜੀ ਦੂਜੇ ਬੱਚਿਆਂ ਨਾਲ ਖੇਡਣ ਲਈ ਉੱਪਰ ਗਈ, ਤਾਂ ਲੂਜ਼ ਉਸਦੇ ਪਿੱਛੇ-ਪਿੱਛੇ ਗਈ ਅਤੇ ਕਿਹਾ, ਤੇਰੇ ਵਾਲਾਂ ਵਿੱਚ ਕੁਝ ਲੱਗਿਆ ਹੈ। ਲੂਜ਼ ਨੇ ਆਲੀਆ ਦੇ ਵਾਲਾਂ ਨੂੰ ਇੰਨੀ ਜ਼ੋਰ ਨਾਲ ਖਿੱਚਿਆ ਕਿ ਇੱਕ ਲਟ ਬਾਹਰ ਨਿਕਲ ਆਈ। ਆਲੀਆ ਪੌੜੀਆਂ ਤੋਂ ਹੇਠਾਂ ਉਤਰੀ ਅਤੇ ਕੈਰੋਲਿਨ ਕੋਲ ਗਈ। ਉਸੇ ਸਮੇਂ ਕੈਰੋਲਿਨ ਨੇ ਆਲੀਆ ਨੂੰ ਕਿਹਾ ਕਿ ਉਨ੍ਹਾਂ ਨੂੰ ਹੁਣ ਉੱਥੋ ਜਾਣਾ ਚਾਹੀਦਾ ਹੈ। ਜਦੋਂ ਆਲੀਆ ਨੇ ਪੁੱਛਿਆ ਕਿ ਕਿਉਂ ਤਾਂ ਕੈਰੋਲਿਨ ਨੇ ਜਵਾਬ ਦਿੱਤਾ, ਇੱਥੇ ਇੱਕ ਬੁਰੀ ਔਰਤ ਹੈ ਜੋ ਤੇਰੇ ਨਾਲ ਰਹਿਣਾ ਚਾਹੁੰਦੀ ਹੈ। ਤੂੰ ਉਸ ਨੂੰ ਮੈਨੂੰ ਆਪਣੇ-ਆਪ ਤੋਂ ਦੂਰ ਨਾ ਕਰਨ ਦੇਵੀਂ।

ਇੱਕ ਮਾਂ ਨੇ ਬਹੁਤ ਉੱਚੀ ਆਵਾਜ਼ ਸੁਣੀ। ਉਹ ਉੱਪਰ ਗਈ ਅਤੇ ਦੇਖਿਆ ਕਿ ਉਹ ਕਮਰਾ ਜਿੱਥੇ ਉਸਦਾ ਬੱਚਾ ਸੁੱਤਾ ਪਿਆ ਸੀ, ਅੱਗ ਦੀਆਂ ਲਪਟਾਂ ਵਿੱਚ ਘਿਰਿਆ ਹੋਇਆ ਸੀ। ਬੇਚੈਨ ਹੋ ਕੇ, ਉਸਨੇ ਉਸ ਪੰਘੂੜੇ ਦੀ ਭਾਲ ਕੀਤੀ ਜਿੱਥੇ ਉਸ ਨੇ ਆਪਣੇ ਬੱਚੇ ਨੂੰ ਛੱਡਿਆ ਸੀ ਪਰ ਉਸਨੂੰ ਉਹ ਕਿਤੇ ਨਜ਼ਰ ਨਾ ਆਇਆ। 15 ਦਸੰਬਰ 1997 ਦੀ ਰਾਤ ਪੋਰਟੋ ਰੀਕਨ ਜੋੜੇ, ਲੂਜ਼ ਕੁਏਵਾਸ ਅਤੇ ਪੇਡਰੋ ਵੇਰਾ ਦੇ ਘਰ ਵਿੱਚ ਅੱਗ ਲੱਗ ਗਈ ਸੀ। ਉਸ ਸਮੇਂ ਉਹ ਆਪਣੇ ਦੋ ਛੋਟੇ ਪੁੱਤਾਂ ਅਤੇ ਆਪਣੀ 10 ਦਿਨਾਂ ਦੀ ਧੀ, ਡੇਲੀਮਰ ਨਾਲ ਅਮਰੀਕਾ ਦੇ ਫਿਲਾਡੇਲਫੀਆ ਵਿੱਚ ਰਹਿੰਦੇ ਸਨ। ਅਧਿਕਾਰੀਆਂ ਨੇ ਮੁੱਢਲੀ ਤਫ਼ਤੀਸ਼ ਤੋਂ ਸਿੱਟਾ ਕੱਢਿਆ ਕਿ ਅੱਗ ਖਰਾਬ ਵਾਇਰਿੰਗ ਕਾਰਨ ਲੱਗੀ ਸੀ। ਪਰ ਉਸ ਰਾਤ ਤੋਂ ਬਾਅਦ ਬੱਚੀ ਡੇਲੀਮਰ ਦਾ ਕਦੇ ਕੋਈ ਸੁਰਾਗ ਨਹੀਂ ਮਿਲਿਆ ਅਤੇ ਉਸਨੂੰ ਮ੍ਰਿਤਕ ਮੰਨ ਲਿਆ ਗਿਆ। ਮੈਡੀਕਲ ਜਾਂਚਕਰਤਾ ਨੇ ਜੋ ਰਿਪੋਰਟ ਦਿੱਤੀ ਉਸ ਵਿੱਚ ਕਿਹਾ ਗਿਆ, ਉਹ ਅੱਗ ਨਾਲ ਪੂਰੀ ਤਰ੍ਹਾਂ ਸੜ ਕੇ ਰਾਖ਼ ਹੋ ਗਈ।

10 ਦਿਨਾਂ ਦੀ ਧੀ ਦੇ ਮਾਪੇ ਅੱਤ ਦੇ ਦੁਖੀ ਸਨ। ਪਰ ਇਹ ਤਾਂ ਅਸਲ ਦਰਦ ਭਰੀ ਕਹਾਣੀ ਦੀ ਮਹਿਜ਼ ਸ਼ੁਰੂਆਤ ਸੀ, ਇੱਕ ਅਜਿਹੀ ਕਹਾਣੀ ਦੀ ਜਿਸ ਵਿੱਚ ਉਨ੍ਹਾਂ ਦੇ ਪਰਿਵਾਰ ਦੀ ਸਹਿਣਸ਼ਕਤੀ ਨੂੰ ਹੱਦ ਤੋਂ ਵੱਧ ਪਰਖਿਆ ਗਿਆ। ਅੱਗ ਲੱਗਣ ਤੋਂ ਥੋੜ੍ਹੀ ਦੇਰ ਪਹਿਲਾਂ, ਕਿਸੇ ਨੇ ਦਰਵਾਜ਼ਾ ਖੜਕਾਇਆ ਸੀ। ਲੂਜ਼ ਦਰਵਾਜ਼ਾ ਖੋਲ੍ਹਣ ਗਈ ਸੀ, ਬੂਹੇ 'ਤੇ ਪੇਡਰੋ ਦੀ ਦੂਰ ਦੀ ਚਚੇਰੀ ਭੈਣ ਕੈਰੋਲਿਨ ਸੀ। (ਪੇਡਰੋ ਦੇ ਚਾਚੇ ਦਾ ਵਿਆਹ ਕੈਰੋਲਿਨ ਦੀ ਮਾਂ ਨਾਲ ਹੋਇਆ ਸੀ)। ਕੈਰੋਲਿਨ ਨੇ ਲੂਜ਼ ਨੂੰ ਦੱਸਿਆ ਕਿ ਉਹ ਪੇਡਰੋ ਨਾਲ ਗੱਲ ਕਰਨਾ ਚਾਹੁੰਦੀ ਹੈ ਕਿਉਂਕਿ ਉਸ ਕੋਲ ਉਸ ਲਈ ਇੱਕ ਕੰਮ ਸੀ। ਓਨੀਂ ਦਿਨੀਂ ਪੇਡਰੋ ਬੇਰੁਜ਼ਗਾਰ ਸੀ ਅਤੇ ਨੌਕਰੀ ਸਬੰਧੀ ਗੱਲਬਾਤ ਕਰਨ ਲਈ ਕੁਝ ਸਾਂਝੇ ਜਾਣਕਾਰਾਂ ਨੂੰ ਮਿਲਣ ਲਈ ਕੈਰੋਲਿਨ ਨਾਲ ਘਰੋਂ ਨਿਕਲ ਗਿਆ। ਪਰ ਜਿਵੇਂ ਹੀ ਪੇਡਰੋ ਘਰੋਂ ਬਾਹਰ ਗਿਆ, ਕੈਰੋਲਿਨ ਨੇ ਦਾਅਵਾ ਕੀਤਾ ਕਿ ਉਹ ਆਪਣਾ ਬਟੂਆ ਪੇਡਰੋ ਦੇ ਘਰ ਭੁੱਲ ਗਈ ਸੀ। ਬਟੂਆ ਲੈਣ ਉਹ ਮੁੜ ਇਕੱਲਿਆਂ ਪੇਡਰੋ ਦੇ ਘਰ ਆਈ, ਜਿੱਥੇ ਉਸਨੂੰ ਦੁਬਾਰਾ ਲੂਜ਼ ਮਿਲੀ। ਘਰ ਪਹੁੰਚਣ 'ਤੇ, ਕੈਰੋਲਿਨ ਨੇ ਉੱਪਰਲੇ ਕਮਰੇ ਦੇ ਬਾਥਰੂਮ ਦੀ ਵਰਤੋਂ ਕਰਨ ਲਈ ਕਿਹਾ। ਕੁਝ ਮਿੰਟਾਂ ਬਾਅਦ, ਲੂਜ਼ ਧੀ ਡੇਲੀਮਰ ਨੂੰ ਦੇਖਣ ਲਈ ਉੱਪਰ ਗਈ। ਉਸ ਨੂੰ ਬਹੁਤ ਹੈਰਾਨੀ ਹੋਈ ਕਿ ਬੱਚਾ ਬਿਸਤਰੇ ਵਿੱਚ ਨਹੀਂ ਸੀ ਜਿੱਥੇ ਉਹ ਉਸਨੂੰ ਛੱਡ ਗਈ ਸੀ, ਸਗੋਂ ਖਿੜਕੀ ਦੇ ਕੋਲ ਇੱਕ ਪੰਘੂੜੇ ਵਿੱਚ ਸੀ। ਜਦੋਂ ਕੈਰੋਲਿਨ ਬਾਥਰੂਮ ਵਿੱਚੋਂ ਬਾਹਰ ਆਈ ਤਾਂ ਉਸਨੇ ਉਸਨੂੰ ਬੱਚੇ ਦੀ ਥਾਂ ਬਦਲਣ ਬਾਰੇ ਪੁੱਛਿਆ। ਕੈਰੋਲਿਨ ਨੇ ਕਿਹਾ, ਮੈਂ ਨਹੀਂ ਚਾਹੁੰਦੀ ਸੀ ਕਿ ਉਹ ਡਿੱਗੇ ਤੇ...ਮੈਂ ਨਹੀਂ ਚਾਹੁੰਦੀ ਸੀ ਕਿ ਉਸਨੂੰ ਸੱਟ ਲੱਗੇ। ਇੰਨਾ ਕਹਿ ਉਹ ਇੱਕ ਵਾਰ ਫਿਰ ਘਰੋਂ ਬਾਹਰ ਚਲੀ ਗਈ। ਤਕਰੀਬਨ ਉਸੇ ਸਮੇਂ ਲੂਜ਼ ਨੇ ਇੱਕ ਜ਼ੋਰਦਾਰ ਧਮਾਕਾ ਸੁਣਿਆ। ਉਹ ਉੱਪਰ ਬੈੱਡਰੂਮ ਵਿੱਚ ਗਈ ਅਤੇ ਬੈੱਡਰੂਮ ਨੂੰ ਭਿਆਨਕ ਅੱਗ ਲੱਗੀ ਹੋਈ ਸੀ। ਅੱਗ ਅਤੇ ਧੂੰਏਂ ਵਿੱਚੋਂ ਬੇਬੀ ਡੇਲੀਮਰ ਕਿਤੇ ਵੀ ਦਿਖਾਈ ਨਹੀਂ ਦੇ ਰਹੀ ਸੀ। ਪਰ ਉਸ ਨੇ ਦੇਖਿਆ ਕਿ ਠੰਡੀ ਸਰਦ ਰਾਤ ਹੋਣ ਦੇ ਬਾਵਜੂਦ ਖਿੜਕੀ ਖੁੱਲ੍ਹੀ ਸੀ। ਲੂਜ਼ ਬੇਚੈਨ ਸੀ, ਉਸ ਦੇ ਮੱਥੇ 'ਤੇ ਸਾੜ ਪੈਣ ਲੱਗਿਆ, ਦਰਵਾਜ਼ੇ ਦੇ ਹੈਂਡਲ ਇੰਨੇ ਤਪੇ ਹੋਏ ਸਨ ਕਿ ਛੂਹੇ ਨਹੀਂ ਸਨ ਜਾ ਰਹੇ। ਕੁਝ ਮਿੰਟਾਂ ਬਾਅਦ, ਅੱਗ ਬੁਝਾਉਣ ਵਾਲੇ ਪਹੁੰਚੇ। ਅੱਗ ਬੁਝਾ ਦਿੱਤੀ ਗਈ ਉਹ ਗੱਦੇ ਦਾ ਇੱਕ ਟੁਕੜਾ ਪੌੜੀਆਂ ਤੋਂ ਹੇਠਾਂ ਲੈ ਆਏ। ਉਨ੍ਹਾਂ ਨੇ ਇਸਨੂੰ ਲਪੇਟਿਆ ਅਤੇ ਡੇਲੀਮਰ ਦੇ ਇੱਕੋ-ਇੱਕ ਅਵਸ਼ੇਸ਼ ਵਜੋਂ ਲੂਜ਼ ਨੂੰ ਦੇ ਦਿੱਤਾ। ਇਸੇ ਦੌਰਾਨ ਘਬਰਾਹਟ ਵਿੱਚ ਆਇਆ ਪੇਡਰੋ ਘਰ ਵਾਪਸ ਭੱਜਿਆ ਅਤੇ ਕੈਰੋਲਿਨ ਨੂੰ ਮਿਲਿਆ, ਜੋ ਉਸ ਸਮੇਂ ਫੁੱਟਪਾਥ 'ਤੇ ਖੜੀ ਸੀ।

**ਮੈਡੀਕਲ ਕਲੀਨਿਕ**

ਕੁਝ ਹਫ਼ਤੇ ਬਾਅਦ ਕੈਰੋਲਿਨ ਆਲੀਆ ਅਤੇ ਉਸਦੀ ਇੱਕ ਹੋਰ ਧੀ, ਐਂਜਲਿਕਾ ਨੂੰ ਡਾਕਟਰ ਕੋਲ ਲੈ ਗਈ। ਜਦੋਂ ਉਹ ਵੇਟਿੰਗ ਰੂਮ ਵਿੱਚ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ, ਕੈਰੋਲਿਨ ਉਨ੍ਹਾਂ ਨੂੰ ਬਾਥਰੂਮ ਵੱਲ ਲੈ ਗਈ। ਉਸਨੇ ਐਂਜਲਿਕਾ ਨੂੰ ਦਰਵਾਜ਼ੇ 'ਤੇ ਨਜ਼ਰ ਰੱਖਣ ਲਈ ਕਿਹਾ ਅਤੇ ਇੱਕ ਛੋਟੀ ਜਿਹੀ ਸਪਰੇਅ ਬੋਤਲ ਕੱਢੀ ਜਿਸ ਵਿੱਚ ਇੱਕ ਸਾਫ਼ ਤਰਲ ਸੀ। ਫਿਰ ਆਲੀਆ ਨੂੰ ਆਪਣਾ ਮੂੰਹ ਖੋਲ੍ਹਣ ਲਈ ਕਿਹਾ ਗਿਆ ਅਤੇ ਕੈਰੋਲਿਨ ਨੇ ਉਸਦੀ ਜੀਭ 'ਤੇ ਤਰਲ ਛਿੜਕਿਆ। ਉਸ ਨੇ ਕਿਹਾ, ਨਿਗਲੀ ਨਾ ਇਹ ਸਾਰਾ ਕੁਝ ਦੋ-ਤਿੰਨ ਵਾਰ ਦੁਹਰਾਇਆ ਗਿਆ, ਜਦੋਂ ਤੱਕ ਆਲੀਆ ਨੂੰ ਡਾਕਟਰ ਦੇ ਦਫ਼ਤਰ ਵਿੱਚ ਨਹੀਂ ਲਿਜਾਇਆ ਗਿਆ ਅਤੇ ਉਸਦੀ ਜੀਭ ਇੱਕ ਦਮ ਸਾਫ਼ ਨਹੀਂ ਹੋ ਗਈ। ਇਹ ਸਾਫ਼ ਤਰਲ ਅਸਲ ਵਿੱਚ ਕੈਰੋਲਿਨ ਦੀ ਆਪਣੀ ਲਾਰ ਸੀ ਅਤੇ ਉਹ ਆਲੀਆ ਨੂੰ ਇੱਕ ਡੀਐੱਨਏ ਟੈਸਟ ਲਈ ਤਿਆਰ ਕਰ ਰਹੀ ਸੀ। ਹਾਲਾਂਕਿ, ਆਲੀਆ ਦੇ ਵਾਲਾਂ ਦੀ ਲਟ ਦੇ ਅਧਾਰ ਉੱਤੇ ਲੂਜ਼, ਆਖਰਕਾਰ ਪੁਲਿਸ ਤੋਂ ਆਪਣਾ ਡੀਐੱਨਏ ਟੈਸਟ ਕਰਵਾਉਣ ਵਿੱਚ ਕਾਮਯਾਬ ਹੋ ਗਈ ਸੀ। ਲੂਜ਼ ਇੱਕ ਵਿਧਾਇਕ ਨੂੰ ਵੀ ਮਿਲੀ ਜਿਸ ਨੇ ਉਸ ਦੀ ਗੱਲ ਸੁਣੀ ਅਤੇ ਉਸ ਨੂੰ ਇੱਕ ਸਰਕਾਰੀ ਵਕੀਲ ਮਿਲਵਾਇਆ ਜਿਸਨੇ ਉਸਦਾ ਕੇਸ ਲੜਿਆ। ਅਤੇ ਫ਼ਰਵਰੀ 2004 ਵਿੱਚ ਟੈਸਟਾਂ ਨੇ ਲੂਜ਼ ਦੇ ਵਿਸ਼ਵਾਸ ਦੀ ਪੁਸ਼ਟੀ ਕੀਤੀ ਕਿ ਛੇ ਸਾਲਾ ਆਲੀਆ ਹਰਨਾਂਡੇਜ਼ ਅਸਲ ਵਿੱਚ ਡੇਲੀਮਰ ਵੇਰਾ ਸੀ। ਕੈਰੋਲਿਨ ਨੇ ਆਪਣੀ ਗਰਭ ਅਵਸਥਾ ਦਾ ਝੂਠਾ ਦਿਖਾਵਾ ਕੀਤਾ ਸੀ ਅਤੇ ਬੱਚਾ ਉਸ ਤੋਂ ਪਹਿਲਾਂ ਹੀ ਚੋਰੀ ਕਰ ਲਿਆ ਸੀ। ਥੋੜ੍ਹੀ ਦੇਰ ਬਾਅਦ ਕੈਰੋਲਿਨ ਨੇ ਸੱਚਾਈ ਕਬੂਲ ਕਰ ਲਈ ਅਤੇ ਉਸਨੂੰ ਅਗਵਾ ਦੇ ਦੋਸ਼ਾਂ ਹੇਠ ਜੇਲ੍ਹ ਭੇਜ ਦਿੱਤਾ ਗਿਆ।

**ਦੋ ਮਾਵਾਂ ਹੋਣ ਦਾ ਵਿਚਾਰ**

ਹੁਣ ਛੋਟੀ ਬੱਚੀ ਡੇਲੀਮਰ ਦੀ ਜ਼ਿੰਦਗੀ ਅਸਲ ਵਿੱਚ ਉਲਟ-ਪੁਲਟ ਹੋ ਗਈ ਸੀ। ਉਹ ਲੂਜ਼ ਨੂੰ ਪੁੱਛਣਾ ਚਾਹੁੰਦੀ ਸੀ, ਤੁਸੀਂ ਮੈਨੂੰ ਮੇਰੀ ਮਾਂ ਤੋਂ ਕਿਉਂ ਦੂਰ ਕਰ ਰਹੇ ਹੋ? ਹੁਣ ਉਹ ਯਾਦ ਕਰਦੀ ਹੈ, ਪਰ ਫ਼ਿਰ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਅਤੇ ਮੈਂ ਖ਼ਬਰਾਂ ਦੇਖੀਆਂ, ਮੈਂ ਦੇਖਿਆ ਕਿ ਕੈਰੋਲਿਨ ਨੂੰ ਇੱਕ ਅਪਰਾਧੀ ਵਜੋਂ ਦਰਸਾਇਆ ਜਾ ਰਿਹਾ ਸੀ। ਉਸਨੂੰ ਆਪਣਾ ਨਵਾਂ ਨਾਮ ਵੀ ਪਸੰਦ ਨਹੀਂ ਆਇਆ ਸੀ। ਡੇਲੀਮਰ ਕਹਿੰਦੀ ਹੈ, ਮੈਨੂੰ ਪਹਿਲਾਂ ਤਾਂ ਇਹ ਬਹੁਤ ਪਸੰਦ ਨਹੀਂ ਸੀ, ਕਈ ਵਾਰ ਜਦੋਂ ਲੋਕ ਮੈਨੂੰ ਡੇਲੀਮਰ ਕਹਿੰਦੇ ਸਨ ਅਤੇ ਮੈਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੰਦੀ ਸੀ। ਉਹ ਆਪਣੀ ਮਾਂ ਅਤੇ ਉਨ੍ਹਾਂ ਭੈਣ-ਭਰਾਵਾਂ ਨਾਲ ਵੀ ਰਹਿ ਰਹੀ ਸੀ, ਜਿਨ੍ਹਾਂ ਨੂੰ ਉਹ ਜਾਣਦੀ ਨਹੀਂ ਸੀ। ਅਖੀਰ ਉਹ ਆਪਣੀ ਜ਼ਿੰਦਗੀ ਵਿੱਚ ਆਏ ਨਾਟਕੀ ਬਦਲਾਅ ਨਾਲ ਸਹਿਜ ਹੋ ਗਈ। ਉਹ ਕਹਿੰਦੀ ਹੈ, ਮੈਂ ਸੋਚਿਆ ਕਿ ਮੈਂ ਦੋਵਾਂ ਜਹਾਨਾਂ ਦਾ ਸਭ ਤੋਂ ਵਧੀਆ ਲੈ ਸਕਦੀ ਹਾਂ। ਮੈਨੂੰ ਸੱਚਮੁੱਚ ਇੰਝ ਮਹਿਸੂਸ ਹੋਇਆ ਜਿਵੇਂ ਮੇਰੀਆਂ ਦੋ ਮਾਵਾਂ ਹੋਣ। ਮੇਰੀ ਇੱਕ ਮਾਂ ਹੈ ਕੈਰੋਲਿਨ ਅਤੇ ਇੱਕ ਹੋਰ ਮਾਂ ਹੈ ਲੂਜ਼। ਮੈਂ ਸੋਚਿਆ ਕਿ ਮੈਂ ਆਪਣੀ ਮਾਂ ਨਾਲ ਇੱਕ ਸ਼ਾਨਦਾਰ ਜ਼ਿੰਦਗੀ ਜੀ ਸਕਦੀ ਹਾਂ। ਮੈਂ ਸੋਚਦੀ ਸੀ ਕਿ ਕਿ ਸ਼ਾਇਦ ਮੈਂ ਕੈਰੋਲਿਨ ਨਾਲ ਇੱਕ ਹੋਰ ਜ਼ਿੰਦਗੀ ਵੀ ਜੀ ਸਕਾਂ। ਉਹ ਤਕਰੀਬਨ 30 ਸਾਲ ਬਾਅਦ ਵੀ ਯਾਦ ਕਰਦੀ ਹੈ, ÷ਮੈਂ ਸੋਚਦੀ ਸੀ ਕੀ ਸ਼ਾਇਦ ਮੈਂ ਕੈਰੋਲਿਨ ਨਾਲ ਇੱਕ ਹੋਰ ਜ਼ਿੰਦਗੀ ਵੀ ਜੀ ਸਕਾਂ। ਇੱਕ ਦੋ ਮਹੀਨਿਆਂ ਵਿੱਚ ਜਾਂ ਸ਼ਾਇਦ ਇੱਕ ਦੋ ਸਾਲਾਂ ਬਾਅਦ, ਪਰ ਅਸੀਂ ਆਖਰਕਾਰ ਫਿਰ ਇਕੱਠੇ ਹੋਵਾਂਗੇ। ਪਰ ਡੇਲੀਮਰ ਅਜੇ ਵੀ ਗੁੱਸੇ ਵਿੱਚ ਸੀ। ਉਹ ਜੇਲ੍ਹ ਵਿੱਚ ਕੈਰੋਲਿਨ ਨੂੰ ਮਿਲਣ ਗਈ ਅਤੇ ਉਸ 'ਤੇ ਆਪਣੀ ਖਿੱਝ ਕੱਢੀ।

**ਇਹ ਔਖਾ ਸੀ।**

ਮੈਂ ਕਿਹਾ, ਤੁਹਾਨੂੰ ਮੈਨੂੰ ਅਗਵਾ ਕਿਉਂ ਕਰਨਾ ਪਿਆ? ਤੁਹਾਡੇ ਤਿੰਨ ਹੋਰ ਬੱਚੇ ਸਨ। ਤੂੰ ਮੇਰੇ ਨਾਲ ਅਜਿਹਾ ਕਿਉਂ ਕੀਤਾ? ਤੁਸੀਂ ਮੈਨੂੰ ਇਸ ਸਥਿਤੀ ਵਿੱਚ ਕਿਉਂ ਪਾਇਆ ਜਿੱਥੇ ਮੈਂ ਬਹੁਤ ਉਲਝਣ ਵਿੱਚ ਹਾਂ ਅਤੇ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਚੀਜ਼ਾਂ ਬਦਲ ਗਈਆਂ ਹਨ? ਆਲੀਆ ਕਹਿੰਦੀ ਹੈ, ਮੈਨੂੰ ਉਸ ਨਾਲ ਬਹੁਤ ਗੁੱਸਾ ਸੀ। ਪਰ ਉਸਨੇ ਮੁਆਫ਼ੀ ਨਹੀਂ ਮੰਗੀ। ਉਸਨੇ ਕਿਹਾ, ਅਸੀਂ ਇੱਕ ਦੂਜੇ ਨੂੰ ਦੁਬਾਰਾ ਮਿਲਾਂਗੇ। ਡੇਲੀਮਰ ਨੇ ਕੈਰੋਲਿਨ ਨੂੰ ਦੁਬਾਰਾ ਕਦੇ ਨਹੀਂ ਦੇਖਿਆ। ਪਰ ਉਸਦੇ ਦਿਮਾਗ ਵਿੱਚ ਅਜੇ ਵੀ ਬਹੁਤ ਸਾਰੇ ਸਵਾਲ ਹਨ। ਜੇ ਕੈਰੋਲਿਨ ਅੱਗ ਲੱਗਣ ਤੋਂ ਤੁਰੰਤ ਬਾਅਦ ਉਸਦੇ ਪਿਤਾ ਪੇਡਰੋ (ਡੇਲੀਮਰ ਦੇ ਪਿਤਾ) ਨਾਲ ਫੁੱਟਪਾਥ 'ਤੇ ਸੀ, ਤਾਂ ਉਹ ਬੱਚੇ ਨੂੰ ਚੋਰੀ ਕਰਨ ਵਿੱਚ ਕਿਵੇਂ ਕਾਮਯਾਬ ਹੋ ਗਈ? ਜ਼ਰੂਰ ਕੋਈ ਸਾਥੀ ਹੋਵੇਗਾ ਜੋ ਖਿੜਕੀ ਰਾਹੀਂ ਅੰਦਰ ਆਇਆ ਅਤੇ ਉਸਨੂੰ ਚੁੱਕ ਕੇ ਲੈ ਗਿਆ। ਉਹ ਕੌਣ ਸੀ? ਉਸ ਸਮੇਂ ਕੈਰੋਲਿਨ ਨੇ ਪੇਡਰੋ ਨੂੰ ਫਸਾਇਆ ਸੀ। ਕੀ ਉਸਦੇ ਪਿਤਾ ਦਾ ਇਸ ਅਗਵਾ ਨਾਲ ਕੋਈ ਸਬੰਧ ਸੀ? ਪੇਡਰੋ ਨੇ ਇਸਦਾ ਖੰਡਨ ਕੀਤਾ ਹੈ ਅਤੇ ਡੇਲੀਮਰ ਕਹਿੰਦੀ ਹੈ ਕਿ ਉਹ ਉਨ੍ਹਾਂ ਦੇ ਕਹੇ 'ਤੇ ਵਿਸ਼ਵਾਸ ਕਰਦੀ ਹੈ। ਡੇਲੀਮਰ ਕਹਿੰਦੀ ਹੈ, ਪਰ ਅਸੀਂ ਜਾਣਦੇ ਹਾਂ ਕਿ ਕੈਰੋਲਿਨ ਦਾ ਇੱਕ ਸਾਥੀ ਸੀ ਅਤੇ ਇਹ ਉਹ ਵਿਅਕਤੀ ਸੀ ਜੋ ਆਪਣੀ ਜਾਨ ਦੇ ਕੇ ਵੀ ਉਸਦੀ ਰੱਖਿਆ ਕਰਦਾ ਸੀ। ਜਿਸਨੇ ਮੈਨੂੰ ਮੇਰੇ ਪੰਘੂੜੇ ਤੋਂ ਚੁੱਕ ਕੇ ਖਿੜਕੀ ਤੋਂ ਬਾਹਰ ਸੁੱਟ ਦਿੱਤਾ, ਉਹ ਰਾਤ ਦੇ ਹਨੇਰੇ ਵਿੱਚ ਕਿਤੇ ਗੁੰਮ ਹੋ ਗਿਆ। ਬਦਕਿਸਮਤੀ ਨਾਲ, ਸਾਨੂੰ ਨਹੀਂ ਪਤਾ ਕਿ ਉਹ ਵਿਅਕਤੀ ਕੌਣ ਹੈ। ਬਸ ਇੰਨੀ ਗੱਲ ਹੋਈ ਸੀ ਅਤੇ ਇਹ ਅਲਵਿਦਾ ਵਰਗਾ ਮਹਿਸੂਸ ਹੋ ਰਿਹਾ ਸੀ।







# ਅਕਾਲ ਤਖ਼ਤ ਸਾਹਿਬ ਨੇ ਸੁਖਬੀਰ ਬਾਦਲ ਨੂੰ ਤਨਖਾਹੀਆ ਐਲਾਨਣ ਦਾ ਫ਼ੈਸਲਾ ਰੱਦ ਕੀਤਾ, ਜਾਣੋ ਹੁਣ ਤਨਖਾਹੀਆ ਕਿਸ ਨੂੰ ਤੇ ਕਿਉਂ ਐਲਾਨਿਆ




ਪਟਨਾ ਸਾਹਿਬ ਵੱਲੋਂ ਜਾਰੀ ਹੁਕਮਨਾਮੇ ’ਤੇ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਸੁਖਬੀਰ ਸਿੰਘ ਬਾਦਲ ਸਬੰਧੀ ਜੋ ਫੈਸਲੇ ਲਏ ਗਏ, ਉਨ੍ਹਾਂ ਨੂੰ ਰੱਦ ਕੀਤਾ ਗਿਆ। ਦਰਅਸਲ ਅੱਜ ਸ਼ਨੀਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਹੋਈ ਪੰਜ ਪਿਆਰਿਆਂ ਦੀ ਵਿਸ਼ੇਸ਼ ਇਕੱਤਰਤਾ ਵਿੱਚ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਐਲਾਨਿਆ ਗਿਆ ਸੀ। ਇਸ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਤੋਂ ਬਾਅਦ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇੱਕ ਅਹਿਮ ਹੁਕਮਨਾਮਾ ਜਾਰੀ ਕਰਦਿਆਂ ਗਿਆਨੀ ਗੁਰਦਿਆਲ ਸਿੰਘ (ਵਧੀਕ ਹੈੱਡ ਗ੍ਰੰਥੀ, ਤਖ਼ਤ ਪਟਨਾ ਸਾਹਿਬ) ਅਤੇ ਕਮੇਟੀ ਮੈਂਬਰ ਹਰਪਾਲ ਸਿੰਘ ਜੌਹਲ ਅਤੇ ਡਾ. ਗੁਰਮੀਤ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਪੱਤਰ ਵਿੱਚ ਕਿਹਾ ਗਿਆ ਹੈ, ÷ਪਟਨਾ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਭਾਈ ਗੁਰਦਿਆਲ ਸਿੰਘ ਪੰਥ ਵਿਰੋਧੀ ਤਾਕਤਾਂ ਨਾਲ ਰਲ ਕੇ ਤਖ਼ਤ ਸਾਹਿਬਾਨ ਵਿਚਕਾਰ ਦਰਾਰ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਨ੍ਹਾਂ ਦੀ ਭੂਮਿਕ ਨੂੰ ਦੇਖਦੇ ਹੋਏ ਭਾਈ ਗੁਰਦਿਆਲ ਸਿੰਘ ਨੂੰ ਤਨਖਾਹੀਆ ਐਲਾਨ ਕੀਤਾ ਜਾਂਦਾ ਹੈ ਤੇ ਜੇਕਰ ਕੋਈ ਇਨ੍ਹਾਂ ਨੂੰ ਗੁਰਮਤਿ ਸਮਾਗਮ ਜਾਂ ਪੰਥਕ ਸਟੇਜ ’ਤੇ ਬੁਲਾਏਗਾ ਤਾਂ ਉਨ੍ਹਾਂ ਵਿਰੁੱਧ ਵੀ ਪੰਥਕ ਰਵਾਇਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਅੱਗੇ ਕਿਹਾ ਗਿਆ, ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਬੁਲਾਰੇ ਹਰਪਾਲ ਸਿੰਘ ਲਗਾਤਾਰ ਸੋਸ਼ਲ ਮੀਡੀਆ ’ਤੇ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਤੇ ਸਰਬਉੱਚਤਾ ਵਿਰੁੱਧ ਕੂੜ ਪ੍ਰਚਾਰ ਕਰਦੇ ਆ ਰਹੇ ਹਨ। ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਇੱਕ ਹੋਰ ਮੈਂਬਰ ਡਾ. ਗੁਰਮੀਤ ਸਿੰਘ ਦੀ ਭੂਮਿਕਾ ਵੀ ਮੁੱਖ ਸਾਜ਼ਿਸ਼ਘਾੜੇ ਵਜੋਂ ਸਾਹਮਣੇ ਆਈ ਹੈ। ਇਸ ਲਈ ਹਰਪਾਲ ਸਿੰਘ ਅਤੇ ਡਾ. ਗੁਰਮੀਤ ਸਿੰਘ ਨੂੰ ਤਨਖਾਹੀਆ ਐਲਾਨ ਕੀਤਾ ਜਾਂਦਾ ਹੈ। ਇਸ ਪੱਤਰ ਰਾਹੀਂ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ 15 ਦਿਨਾਂ ਵਿੱਚ ਆਪਣਾ ਪੱਖ ਅਕਾਲ ਤਖ਼ਤ ਸਾਹਿਬ ਰੱਖਣ ਦੇ ਆਦੇਸ਼ ਵੀ ਜਾਰੀ ਕੀਤੇ ਗਏ ਹਨ। ਦਰਅਸਲ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਪੰਜ ਪਿਆਰਿਆਂ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਵਿੱਚ ਲਿਖਿਆ ਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਜਾਰੀ ਕੀਤੇ ਹੁਕਮਾਂ ਦੀ ਅਣਦੇਖੀ ਕੀਤੀ ਹੈ, ਜਿਸਦੇ ਕਰਕੇ ਉਨ੍ਹਾਂ ਨੂੰ ਤਨਖ਼ਾਹੀਆ ਐਲਾਨਿਆ ਗਿਆ ਹੈ। ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਤਖ਼ਤ ਹੈ। ਪਰ ਲੰਮੇ ਸਮੇਂ ਤੋਂ ਅਕਾਲ ਤਖ਼ਤ ਦੇ ਪ੍ਰਬੰਧਕਾਂ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧਕਾਂ ਵਿਚਾਲੇ ਵਖਰੇਵੇਂ ਦੇਖੇ ਜਾਂਦੇ ਰਹੇ ਹਨ।

**ਗਿਆਨੀ ਰਣਜੀਤ ਸਿੰਘ ਗੌਹਰ ਨੇ ਕੀ ਕਿਹਾ**

ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੇ ਵੀ ਸੁਖਬੀਰ ਸਿੰਘ ਬਾਦਲ ਦੇ ਮਾਮਲੇ ਵਿੱਚ ਪ੍ਰਤੀਕਿਰਿਆ ਦਿੱਤੀ ਹੈ।

ਉਨ੍ਹਾਂ ਕਿਹਾ, ਅੱਜ ਪਟਨਾ ਸਾਹਿਬ ਦੇ ਗ੍ਰੰਥੀਆਂ ਨੇ ਇੱਕ ਹੋਰ ਗਲਤ ਫਰਮਾਨ ਜਾਰੀ ਕੀਤਾ ਹੈ, ਜੋ ਸੁਖਬੀਰ ਸਿੰਘ ਬਾਦਲ ਖ਼ ?ਲਾਫ਼ ਪੱਤਰ ਜਾਰੀ ਕੀਤਾ ਹੈ। ਇਨ੍ਹਾਂ ਨੇ ਮੇਰੇ ਮਾਮਲੇ ਵਿੱਚ ਵੀ ਬਿਨਾ ਕੋਈ ਪੱਖ ਲਿਆ ਤੇ ਬਿਨਾ ਕੋਈ ਸੁਣਵਾਈ ਕੀਤੇ, ਇੱਕ ਖ਼ ?ਲਾਫ਼ ਨਾਦਰਸ਼ਾਹੀ ਫਰਮਾਨ ਜਾਰੀ ਕੀਤਾ ਸੀ। ਜਸਟਿਸ ਰੁਪਿੰਦਰ ਸਿੰਘ ਸੋਢੀ ਦੀ ਨਿਗਰਾਨੀ ਵਿੱਚ ਜੋ ਜਾਂਚ ਕਮੇਟੀ ਬਣੀ ਸੀ, ਉਸ ਨੇ ਵੀ ਮੇਰੇ ਹੱਕ ਵਿੱਚ ਫੈਸਲਾ ਸੁਣਾਇਆ ਸੀ। ਸਾਡੀ ਸੁਪਰੀਮ ਅਕਾਲ ਤਖ਼ਤ ਸਾਹਿਬ ਨੇ ਵੀ ਮੈਨੂੰ ਨਿਰਦੋਸ਼ ਮੰਨਦੇ ਹੋਏ ਮੇਰੇ ਹੱਕ ਵਿੱਚ ਫੈਸਲਾ ਦਿੱਤਾ। ਇਨ੍ਹਾਂ ਨੇ ਕਦੇ ਵੀ ਖਾਲਸਾ ਪੰਥ ਦੇ ਹੱਕ ਵਿੱਚ ਕੋਈ ਮੁੱਦਾ ਨਹੀਂ ਉਠਾਇਆ। ਮੈਂ ਕਿਸੇ ਦੇ ਵਿਰੋਧ ਜਾਂ ਪੱਖ ਵਿੱਚ ਗੱਲ ਨਹੀਂ ਕਰ ਰਿਹਾ, ਮੈਂ ਸਿਧਾਂਤਕ ਗੱਲ ਕਰ ਰਿਹਾ ਹਾਂ। ਖਾਲਸਾ ਪੰਥ ਨੂੰ ਅਗਾਹ ਕਰਨਾ ਮੇਰਾ ਫਰਜ਼ ਬਣਦਾ ਹੈ। ਮੈਂ ਖਾਲਸਾ ਪੰਥ ਨੂੰ ਬੇਨਤੀ ਕਰਦਾ ਕਿ ਇਨ੍ਹਾਂ ਨੂੰ ਪਟਨਾ ਸਾਹਿਬ ਦੇ ਗ੍ਰੰਥੀ ਰਹਿਣ ਦਾ ਕੋਈ ਹੱਕ ਨਹੀਂ ਹੈ। ਸੁਖਬੀਰ ਬਾਦਲ ਖ਼ ?ਲਾਫ਼ ਹੁਕਮਨਾਮਾ ਜਾਰੀ ਕਰਨ ਵਾਲੇ ਪੰਜ ਸਿੰਘ ਸਹਿਬਾਨ ਕੌਣ ਸੁਖਬੀਰ ਸਿੰਘ ਬਾਦਲ ਖ਼ ?ਲਾਫ਼ ਹੁਕਮਨਾਮਾ ਜਾਰੀ ਕਰਨ ਵਾਲੇ ਪੰਜ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਹਨ। ਜਿਸਦੇ ਵਿੱਚ ਐਡੀਸ਼ਨਲ ਹੈੱਡ ਗ੍ਰੰਥੀ ਭਾਈ ਦਲੀਪ ਸਿੰਘ, ਜਥੇਦਾਰ ਹੈੱਡ ਗ੍ਰੰਥੀ ਭਾਈ ਬਲਦੇਵ ਸਿੰਘ, ਐਡੀਸ਼ਨਲ ਹੈੱਡ ਗ੍ਰੰਥੀ ਗੁਰਦਿਆਲ ਸਿੰਘ, ਸੀਨੀਅਰ ਮੀਤ ਗ੍ਰੰਥੀ ਭਾਈ ਪਰਸ਼ੁਰਾਮ ਸਿੰਘ, ਮੀਤ ਗ੍ਰੰਥੀ ਭਾਈ ਅਮਰਜੀਤ ਸਿੰਘ ਸ਼ਾਮਲ ਹਨ। ਖ਼ਬਰ ਲਿਖੇ ਜਾਣ ਤੱਕ ਸੁਖਬੀਰ ਸਿੰਘ ਬਾਦਲ ਖ਼ ?ਲਾਫ਼ ਜਾਰੀ ਕੀਤੇ ਗਏ ਹੁਕਮਨਾਮੇ ਉੱਤੇ ਸ਼ ?ਰੋਮਣੀ ਅਕਾਲੀ ਦਲ ਵੱਲੋਂ ਕੋਈ ਬਿਆਨ ਨਹੀਂ ਜਾਰੀ ਕੀਤਾ ਗਿਆ।

**ਪਟਨਾ ਸਾਹਿਬ ਜਾਣ ਵਾਲੀ ਐੱਸਜੀਪੀਸੀ ਦੀ ਕਮੇਟੀ ਨੇ ਕੀ ਕਿਹਾ**

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਕਰਨ ਦੇ ਫ਼ੈਸਲੇ ਦੀ ਸਖ਼ਤ ਨਿੰਦਾ ਕੀਤੀ ਹੈ। ਬੀਬੀਸੀ ਪੱਤਰਕਾਰ ਨਵਜੋਤ ਕੌਰ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਇਹ ਫ਼ੈਸਲਾ ਸਿਆਸਤ ਤੋਂ ਪ੍ਰੇਰਿਤ ਅਤੇ ਸਿੱਖਾਂ ਅੰਦਰ ਟਕਰਾਅ ਪੈਦਾ ਕਰਨ ਵਾਲਾ ਹੈ। ਗਰੇਵਾਲ ਨੇ ਕਿਹਾ ਕਿ ਸ਼ ?ਰੋਮਣੀ ਕਮੇਟੀ ਵੱਲੋਂ ਬਣਾਈ ਗਈ ਕਮੇਟੀ ਕਰੀਬ 20 ਦਿਨ ਪਹਿਲਾਂ ਹੀ ਪਟਨਾ ਸਾਹਿਬ ਕਮੇਟੀ ਨਾਲ ਚੱਲ ਰਹੇ ਮਨ-ਮਿਟਾਵ ਨੂੰ ਸੁਲਝਾਉਣ ਲਈ ਪਟਨਾ ਸਾਹਿਬ ਜਾ ਕੇ ਆਈ ਹੈ। ਕਮੇਟੀ ਦੀ ਅਗਵਾਈ ਰਘੂਜੀਤ ਸਿੰਘ ਵਿਰਕ ਕਰ ਰਹੇ ਹਨ ਅਤੇ ਇਸ ਵਿੱਚ ਗੁਰਬਚਨ ਸਿੰਘ ਕਰਮੂਵਾਲਾ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਪਟਨਾ ਸਾਹਿਬ ਜਾਣ ਵਾਲੀ ਟੀਮ ਦੇ ਗੁਰਚਰਨ ਸਿੰਘ ਗਰੇਵਾਲ ਵੀ ਮੈਂਬਰ ਹਨ। ਉਨ੍ਹਾਂ ਅੱਗੇ ਕਿਹਾ, ÷ਸਾਡੇ ਸਾਹਮਣੇ ਪਟਨਾ ਸਾਹਿਬ ਕਮੇਟੀ ਦੇ ਮੈਂਬਰਾਂ ਨੇ ਮੰਨਿਆ ਕਿ ਅਸੀਂ ਕਿਸੇ ਵੀ ਟਕਰਾਅ ਵਾਲੀ ਸਥਿਤੀ ਵਿੱਚ ਨਹੀਂ ਜਾਵਾਂਗੇ ਅਤੇ ਅਕਾਲ ਤਖ਼ਤ ਦੇ ਫੈਸਲੇ ਉੱਤੇ ਕਿੰਤੂ-ਪਰੰਤੂ ਨਹੀਂ ਕਰਾਂਗੇ ਪਰ ਹੁਣ ਇੱਕ ਵਾਰ ਫ਼ ?ਰ ਉਨ੍ਹਾਂ ਨੇ ਇਹ ਹੁਕਮਨਾਮਾ ਲੈ ਕੇ ਗੱਲ ਨੂੰ ਵਧਾ ਦਿੱਤਾ ਹੈ। ਗਰੇਵਾਲ ਨੇ ਇਹ ਵੀ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਐਲਾਣਨ ਦਾ ਕੋਈ ਮਤਲਬ ਹੀ ਨਹੀਂ ਬਣਦਾ ਕਿਉਂਕਿ ਪਹਿਲਾਂ ਵੀ ਪਟਨਾ ਸਾਹਿਬ ਕਮੇਟੀ ਖ਼ ?ਲਾਫ਼ ਅਕਾਲ ਤਖ਼ਤ ਤੋਂ ਜਾਰੀ ਕੋਈ ਹੁਕਮਨਾਮੇ ਜਥੇਦਾਰਾਂ ਦੀ ਅਗਵਾਈ ਵਿੱਚ ਵਿੱਚ ਜਾਰੀ ਕੀਤੇ ਗਏ ਸਨ ਨਾ ਕਿ ਸੁਖਬੀਰ ਬਾਦਲ ਦੀ।÷ ਉਨ੍ਹਾਂ ਕਿਹਾ ਕਿ ਇਹ ਹੁਕਮਨਾਮਾ ਸੁਖਬੀਰ ਸਿੰਘ ਬਾਦਲ ਨੂੰ ਸਿਆਸੀ ਸੱਟ ਮਾਰਨ ਦੇ ਮਕਸਦ ਨਾਲ ਜਾਰੀ ਕੀਤਾ ਗਿਆ ਲੱਗ ਰਿਹਾ ਹੈ।

**ਦੋਵਾਂ ਤਖ਼ਤਾਂ ਵਿਚਾਲੇ ਵਿਵਾਦ ਕਿਉਂ**

ਇਸ ਸਾਲ ਮਈ ਮਹੀਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਬਲਦੇਵ ਸਿੰਘ ਦੀ ਅਗਵਾਈ ਹੇਠ ਪੰਜ ਪਿਆਰਿਆਂ ਵੱਲੋਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਥਾਪੇ ਗਏ ਕੁਲਦੀਪ ਸਿੰਘ ਗੜਗੱਜ ਅਤੇ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਦੀ ਨਿਯੁਕਤੀ ਨੂੰ ਰੱਦ ਕੀਤਾ ਗਿਆ ਸੀ। ਇਸੇ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਤਲਬ ਕੀਤਾ ਗਿਆ ਸੀ । ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਸਿੰਘ ਸਹਿਬਾਨਾਂ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਜਥੇਦਾਰ ਬਾਬਾ ਟੇਕ ਸਿੰਘ ਨੂੰ ਕਥਿਤ ਅਤੇ ਆਪੇ ਥਾਪੇ ਜਥੇਦਾਰ ਦੱਸਦਿਆਂ ਅਸਵਿਕਾਰਿਆਂ ਕਰਾਰ ਦਿੱਤਾ ਗਿਆ ਅਤੇ ਦੋਵਾਂ ਨੂੰ ਤਨਖ਼ਾਹੀਆ ਵੀ ਐਲਾਨਿਆ ਸੀ। ਹਾਲਾਂਕਿ ਪਟਨਾ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਟੇਕ ਸਿੰਘ ਨੇ ਨਹੀਂ ਮੰਨਿਆ ਸੀ। ਸੁਖਬੀਰ ਸਿੰਘ ਬਾਦਲ ਨੇ ਵੀ ਇਸ ਹੁਕਮਨਾਮੇ ਦਾ ਕੋਈ ਜਵਾਬ ਨਹੀਂ ਦਿੱਤਾ ਸੀ। ਦੂਜੇ ਪਾਸੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਸ੍ਰੀ ਅਕਾਲ ਤਖ਼ਤ ਉੱਤੇ ਹੋਈ ਇਕੱਤਰਤਾ ਤੋਂ ਬਾਅਦ ਜਾਰੀ ਕੀਤੇ ਗਏ ਹੁਕਮਨਾਮੇ ਮੁਤਾਬਕ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਨੂੰ ਤਲਬ ਕੀਤਾ ਗਿਆ ਸੀ। ਉਦੋਂ ਤਖ਼ਤ ਸ੍ਰੀ ਪਟਨਾ ਸਾਹਿਬ ਨੇ ਅਕਾਲ ਤਖ਼ਤ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਅਤੇ ਆਪਣੇ ਅਹੁਦੇਦਾਰਾਂ ਨੂੰ ਵੀ ਤਾਕੀਦ ਕੀਤੀ ਕਿ ਜੇ ਕੋਈ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਪਾਲਣਾ ਕਰੇਗਾ ਉਸ ਖ਼ ?ਲਾਫ਼ ਮਰਿਆਦਾ ਦੇ ਆਧਾਰ ਉੱਤੇ ਕਾਰਵਾਈ ਕੀਤੀ ਜਾਵੇਗੀ।

## ਪਟਨਾ ਸਾਹਿਬ ਦੇ ਹੁਕਮਨਾਮੇ ਵਿੱਚ ਕੀ ਲਿਖਿਆ ਗਿਆ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਵਿੱਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਉੱਤੇ ਸਿਆਸਤ ਤੋਂ ਪ੍ਰੇਰਿਤ ਹੋ ਕੇ ਫ਼ੈਸਲੇ ਲੈਣ ਦੇ ਇਲਜ਼ਾਮ ਲਾਏ ਗਏ ਹਨ। ਹੁਕਮਨਾਮੇ ਵਿੱਚ ਲਿਖਿਆ ਗਿਆ ਹੈ ਕਿ ਮਿਤੀ 5 ਜੁਲਾਈ 2025 ਦਿਨ ਸ਼ਨੀਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ । ਮਿਤੀ 21 ਮਈ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਕੁਲਦੀਪ ਸਿੰਘ ਗੜਗੱਜ ਅਤੇ ਭਾਈ ਟੇਕ ਸਿੰਘ ਨੇ ਸਿਆਸਤ ਤੋਂ ਪ੍ਰੇਰਿਤ ਹੋ ਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਦੇ ਖ਼ ?ਲਾਫ਼ ਜਾ ਕੇ ਗ਼ੈਰ-ਵਿਧਾਨਿਕ, ਗ਼ੈਰ-ਸਿਧਾਂਤਕ ਆਦੇਸ਼ ਜਾਰੀ ਕੀਤਾ। ਹੁਕਮਨਾਮੇ ਵਿੱਚ ਅੱਗੇ ਲਿਖਿਆ ਗਿਆ, ਇਹ ਆਦੇਸ਼ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਮਰਿਯਾਦਾ, ਸੰਵਿਧਾਨ ਅਤੇ ਉਪ ਨਿਯਮ ਨੂੰ ਚੁਣੌਤੀ ਦਿੰਦੇ ਹੋਏ ਇੱਥੋਂ ਦੀ ਪ੍ਰਬੰਧਕ ਕਮੇਟੀ ਦੇ ਅਧਿਕਾਰ ਅਤੇ ਸ਼ਕਤੀ ਵਿੱਚ ਦਖ਼ਲ ਅੰਦਾਜ਼ੀ ਸੀ। ਹੁਕਮਨਾਮੇ ਮੁਤਾਬਕ ਸੁਖਬੀਰ ਸਿੰਘ ਬਾਦਲ ਨੂੰ ਦੋ ਵਾਰ ਅਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਗਿਆ ਪਰ ਉਹ ਪੇਸ਼ ਨਹੀਂ ਹੋਏ। ਲਿਖਿਆ ਗਿਆ ਹੈ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਹੋਏ ਆਦੇਸ਼ ਦੀ ਅਣਦੇਖੀ ਕਰਨ ਦੇ ਮੁਲਜ਼ਮ ਮੰਨਦੇ ਹੋਏ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਐਲਾਨਿਆ ਗਿਆ ਹੈ।

## ਪੰਥ ਵਿੱਚ ਦੁਵਿਧਾ ਪਾਉਣ ਵਾਲੀ ਅਤੇ ਅਧਿਕਾਰਾਂ ਤੋਂ ਬਾਹਰੀ ਕਾਰਵਾਈ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਦੇ ਫ਼ੈਸਲੇ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੰਥ ਵਿੱਚ ਦੁਵਿਧਾ ਪਾਉਣ ਵਾਲੀ ਅਤੇ ਅਧਿਕਾਰਾਂ ਤੋਂ ਬਾਹਰੀ ਕਾਰਵਾਈ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਖਾਲਸਾ ਪੰਥ ਦੀਆਂ ਰਵਾਇਤਾਂ ਕੌਮ ਦੇ ਮਸਲੇ ਨਜਿੱਠਣ ਲਈ ਹਨ, ਨਾ ਕਿ ਕੌਮੀ ਸੰਕਟ ਪੈਦਾ ਕਰਨ ਲਈ। ਉਨ੍ਹਾਂ ਕਿਹਾ, ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਦਰਕਿਨਾਰ ਕਰਨਾ ਉਚਿਤ ਨਹੀਂ ਹੈ ਅਤੇ ਅਜਿਹੇ ਚਲਣ ਨਾਲ ਕੌਮ ਅੰਦਰ ਆਪਾ ਧਾਪੀ ਵਾਲਾ ਮਾਹੌਲ ਪੈਦਾ ਹੋਵੇਗਾ। ਉਨ੍ਹਾਂ ਕਿਹਾ ਕਿ ਬੇਸ਼ੱਕ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਸਿੱਖ ਜਗਤ ਅੰਦਰ ਵੱਡਾ ਸਤਿਕਾਰ ਹੈ, ਪ੍ਰੰਤੂ ਪੰਥਕ ਮਾਮਲਿਆਂ ਨੂੰ ਵਿਚਾਰਨ ਦਾ ਅਧਿਕਾਰ ਸਿਰਫ਼ ਸ੍ਰੀ ਅਕਾਲ ਤਖਤ ਸਾਹਿਬ ਨੂੰ ਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਦੂਜੇ ਤਖ਼ਤ ਸਾਹਿਬਾਨ ਤੋਂ ਹੀ ਚੁਣੌਤੀ ਦਿੱਤੀ ਜਾਣ ਲੱਗੀ ਤਾਂ ਇਹ ਸਿੱਖ ਪ੍ਰੰਪਰਾਵਾਂ ਦੀ ਮੌਲਿਕਤਾ ਅਤੇ ਅਮੀਰੀ ਨੂੰ ਸੱਟ ਮਾਰਨ ਤੋਂ ਘੱਟ ਨਹੀਂ ਮੰਨਿਆ ਜਾ ਸਕਦਾ। ਧਾਮੀ ਨੇ ਕਿ ਮੌਜੂਦਾ ਮਾਮਲੇ ਦੇ ਸਬੰਧ ਵਿੱਚ ਮਿਲ ਬੈਠ ਕੇ ਹੱਲ ਵੱਲ ਤੁਰਨਾ ਚਾਹੀਦਾ ਹੈ, ਤਾਂ ਜੋ ਕੌਮ ਅੰਦਰ ਨਜ਼ਰ ਆ ਰਹੇ ਟਕਰਾਅ ਦੀ ਥਾਂ ’ਤੇ ਸਿੱਖ ਸ਼ਕਤੀ ਨੂੰ ਕੌਮੀ ਹਿੱਤਾਂ, ਕੌਮ ਦੀ ਚੜ੍ਹਦੀ ਕਲਾ ਅਤੇ ਸਿੱਖੀ ਪ੍ਰਚਾਰ ਲਈ ਵਰਤਿਆ ਜਾ ਸਕੇ।





ਹਫ਼ਤਾਵਾਰੀ ਪ੍ਰੀਤਨਾਮਾ
Weekly Preetnama
www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD
Joga Singh
Jaswinder Singh New Jersey
Mindi Manak NewYork
Jagjit Singh Dasuya
Gurmeet Singh Dhalwan Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar (Bhagata Bhaika) Vancouver,

Sunil Kumar Gund (Journalist) India
Raj Rani Video editor
Jagmeet Kaur 97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

# ਛੋਟੀਆਂ ਛੋਟੀਆਂ ਖ਼ੁਸ਼ੀਆਂ ਵੀ ਮਾਣੋ

ਨਰਿੰਦਰ ਪਾਲ ਸਿੰਘ ਗਿੱਲ

The life of Guru Daksha is like a wonderful philosophical treatise. The chapter where he opposed the marriage of his daughter Sati and Shiva sheds deep light on our social psychology. Daksha did not accept Shiva's antisocial, ash-wearing, crematorium-dwelling nature. He considered a life of dignity, discipline, and in accordance with the rules of the Vedas to be the best. Whereas Shiva was a free yogi, a neutral Mahadev, who was beyond this tradition and was beyond social norms.


ਪ੍ਰੀਤਨਾਮਾ ਖ਼ਰਾ ਸੱਚ
Priyanka Saurabh
7015375570


This conflict turned into a tragedy that led to Sati's self-immolation, the destruction of the yagna and finally Shiva's destruction in the form of Tandava. This episode was not just a family conflict, but highlights the deep conflict of 'culture versus sadhna', 'tradition versus freedom', 'faith versus logic'.

**The story of destruction of Yagya: symbols and message**

Daksha's refusal to invite Shiva, the insult of Sati, and then the destruction of the yagna - this trilogy is not just a mythological tale, but it also tells us that when ego becomes bigger than dignity, even dharma is destroyed. The destruction of Daksha's yagna is a lesson that dharma is not just about rituals, but about humility and inclusion. Shiva did not just destroy the yagna, he taught that one-sided righteousness is incomplete. Daksha's end also teaches a lesson. Shiva eventually revived him—but with the head of a goat. This symbolizes that if we lose our head, that is, our conscience, our identity also changes. But if we desire revival, rebirth is possible.

**Relevance of Guru Daksh in today's era**

Today, when modern society is struggling with indiscipline, family disintegration and spiritual hollowness, the teachings and vision of Guru Daksh become extremely relevant. They remind us that not only freedom but discipline is also necessary in life. Not only rights but duties are also necessary. Not only fame but dignity is also important.

For today's youth who are getting disconnected from social responsibilities in the name of attraction and freedom, the life of Guru Daksh is exemplary for them. The ideal of discipline he presented in his duties, marriage of daughters, organizing Yagya and running the society, still guides us today.

**A promoter of social harmony**

Guru Daksha got his daughters married to various sages, gods, planets and constellations, thus indicating that mutual cooperation of all is necessary in creation. Take the example of the marriage of the constellation Moon—he gave 27 daughters to a single god. This is not just astronomy, but a symbol of social harmony, balance and a sense of coexistence.

**The path of harmony and balance**

Guru Daksh is a symbol of discipline and mistakes at the same time. He showed us that when decorum becomes rigid, love is stifled, but at the same time he also taught us that we can learn from our mistakes and return to the path of righteousness.

If we only light lamps and take out a procession on his birth anniversary, it would be an insult to the sage who was the embodiment of karma, sanskar, sacrifice and balance. We should adopt from his life the vision that unites society, not divides it; that makes religion a responsibility, not a show-off.

# Trump's Copper and Pharma Tariff Threats Put Indian Exports at Risk

US President Donald Trump has announced a steep 50% tariff on copper imports and warned of a potential 200% tariff on pharmaceuticals, a move that could significantly affect India's export economy. These measures, part of Trump's broader push to bring manufacturing back to the US, come with a clear deadline: higher tariffs will take effect globally starting August 1, with no extensions. India, one of the world's leading exporters of pharmaceuticals and a key supplier of copper products, faces significant exposure to these policy shifts. The United States is India's largest overseas market for pharma products and a major destination for copper exports. In 2024-25, India exported $2 billion in copper products, with the US accounting for $360 million or 17% of that total. While the US ranks third after Saudi Arabia and China for Indian copper exports, the mineral's widespread use in infrastructure and manufacturing makes the tariff a potential disruptor. More troubling is the looming 200% tariff on pharmaceuticals. India's generic drug makers are deeply embedded in the US healthcare system, exporting nearly $9.8 billion worth of medicines to America in FY25—up 21% from the previous year and making up about 40% of India's total pharma exports. Should the tariff be imposed, it could sharply reduce demand for Indian generics in the US, undermining both business and access to affordable healthcare.



Commerce Secretary Howard Lutnick confirmed that the copper tariffs will likely be implemented by the end of July or August 1. He also indicated that the administration's studies on pharmaceutical and semiconductor imports will conclude by the end of the month, after which further action is expected. While Trump suggested a grace period of up to 18 months for pharmaceutical companies to relocate manufacturing to the US, he emphasized that the elevated tariffs will eventually apply. Trump also reiterated his intention to impose a blanket 10% tariff on BRICS nations, dismissing the bloc as an unserious threat to the US dollar. However, he acknowledged that it presents challenges to American economic dominance, especially in global currency influence. India is currently in negotiations with the US on a mini-trade deal that could shield its key export sectors from these aggressive tariffs. If an agreement is reached before the August 1 deadline, Indian exports may be exempted from the harshest impacts. Until then, exporters and policymakers remain on edge, navigating one of the most protectionist turns in recent US trade policy.

Preetnama
Khara Sach
ਪ੍ਰੀਤਨਾਮਾ ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 311
Website: www.preetnama.com Email preetnamausa@gmail.com
11 JULY TO 17 JULY ,2025

# The Price of Dishonesty: How Workers Damage Their Own Worth

## A Lesson from Personal Experience

By: Aubaid Ahmad Akhoon
akhoon.aubaid@gmail.com

**The Forgotten Hands That Shape Societies**

Throughout history, no civilization has risen without the tireless contribution of its labor class. From the majestic pyramids of Egypt to the towering minarets of Islamic Spain, from the enduring Great Wall of China to the awe-inspiring Masjid-e-Qurtuba, behind every architectural wonder and infrastructural milestone were the calloused, dust-covered hands of dedicated workers, craftsmen, and artisans. These unsung heroes, though nameless in the pages of history, were the very lifeblood of their societies, transforming grand visions into enduring legacies.

Among such timeless wonders, Masjid-e-Qurtuba (the Mosque of Cordoba) stands as a living testament to the unyielding dedication of those forgotten hands. Its intricate arches, delicate columns, and unmatched architectural harmony echo the spirit of sincere, faith-driven labor. It is no surprise that Allama Iqbal, in his celebrated poem Masjid-e-Qurtuba, immortalized this symbol of human perseverance and divine inspiration, reminding us of the eternal value of pure and purposeful effort:

**Hai Magar Iss Naqsh Mein Rang-E-Sabaat-E-Dawam**
**Jis Ko Kiya Ho Kisi Mard-E-Khuda Ne Tamam**

Yet in this very scenario indelible is the stamp of permanence
On the deeds of the good and godly.

Through these lines, Iqbal conveys a profound message: while dynasties collapse, thrones shatter, and rulers fade into obscurity, the work born of sincerity, passion, and God-conscious purpose lives on. It outlasts mortality because it carries within it a divine spark — a reflection of the eternal.

This timeless wisdom applies not only to monumental structures but to the very foundation of society. Communities thrive not solely on the philosophies of thinkers or the decrees of rulers, but on the honesty, sweat, and skill of those who, without fanfare or expectation of reward, shape the material and moral fabric of their world. It is the laborer's hammer, the artisan's chisel, the farmer's plough, and the mason's trowel that quietly, day after day, build civilizations.

Yet, tragically, modern societies have grown increasingly indifferent to these unsung builders of progress. As automation, consumerism, and materialism dominate contemporary life, the dignity of honest labor is often overlooked, and the ethical responsibility towards workers neglected. It is essential for any progressive nation to rekindle a culture of gratitude and respect for those who serve with their hands, ensuring their rights, welfare, and rightful recognition.

Iqbal's verses are not mere nostalgia — they are a wake-up call. They urge us to preserve the sanctity of sincere labor, to honor the unnamed hands whose silent sacrifices hold up the pillars of society. For it is in cherishing these forgotten hands that civilizations secure their moral compass and ensure their rightful place in the annals of history.

Let us remember, history may record the names of kings and philosophers, but it is the sweat of countless ordinary men and women that keeps the wheels of civilization turning.

Yet today, while technological advancements surge ahead and global economies expand, a silent but significant erosion threatens the backbone of our communities — the diminishing culture of professional ethics and responsibility in the labor sector. From carpentry to masonry, plumbing to electrical work, a growing wave of negligence and dishonesty is undermining the credibility of these once-honorable professions. And this is not just a statistic or social commentary — it's a reality I recently experienced firsthand.

**Invisible Pillars of Progress — Now in Crisis**

Laborers and craftsmen are the unsung heroes of our daily lives. They mend our homes, furnish our workplaces, and keep the essential machinery of life running smoothly. It is through their humble yet invaluable toil that structures stand, fields yield harvests, and industries flourish. And yet, a disturbing trend has begun to surface in many regions: a decline in professional discipline, work ethics, and a sincere sense of responsibility.

What was once a profession of pride and craftsmanship has, in many cases, become a transactional endeavor driven by quick profits, minimal effort, and a disregard for client trust. Tales of unprofessional conduct, carelessness, and dishonesty are becoming all too familiar — a concern that deserves urgent attention.

**A Personal Lesson: When Trust Meets Betrayal**

Like many homeowners, I recently envisioned redesigning my home with modern fittings and elegant cabinetry. Being a firm believer in supporting local talent, I chose to hire a carpenter from my own community. I sought not just a workman, but an artisan with craftsmanship in his fingers and integrity in his heart.

Initially, it seemed like a decision well made. The carpenter spoke with confidence, promised high standards, and began work with enthusiasm. The first day's progress lifted my spirits. It appeared that sincerity and skill still existed locally. But by the second day, the tempo changed. Excuses multiplied, work slowed, and deadlines stretched. A six-day project dragged on for fifteen, despite my reminders and patience. The repeated reply was a dismissive: "Sir, this work takes time." Out of respect for their labor, I paid them fairly — but left deeply disappointed, I decided to explore other options. Acting on a friend's recommendation, I hired a seemingly professional team from outside the region, with the reassurance of a proper contract and timelines. Regrettably, history repeated itself. Absenteeism, sluggish work, and ultimately, an incomplete project left me once again betrayed and frustrated.

In a final act of faith, I approached another local team, hoping to find what I sought. But this time, what turned up were workers lacking even basic skills and professionalism. Fearing more damage and delays, I paid them respectfully for their time and asked them to leave.

**The Bitter Truth: Skill Without Sincerity Is Hollow**

These repeated disappointments led me to a sobering realization: while we rightfully speak of respecting labor, we seldom confront the uncomfortable reality of declining professional ethics in this sector. Respect for labor must be mutual. It should be matched by honesty, punctuality, and responsibility on the part of those who earn their living through it.

The tragedy doesn't lie in the absence of talent — our land is rich with gifted hands. The real crisis is the erosion of sincerity, integrity, and pride in one's work. Many skilled workers today prioritize immediate gains over building lasting reputations. The result is a generation of clients hesitant to trust, and a market plagued by mediocrity.

**A Call for Reform: Beyond Technical Skills**

This isn't merely a personal grievance — it reflects a widespread societal issue that demands immediate action. We need structured vocational training programs that go beyond technical skills and actively instill professional ethics, discipline, and a sense of responsibility. Government bodies, NGOs, and private institutions must realize that skill development is incomplete without moral and ethical education.

A prosperous society cannot be built on lazy hands and dishonest hearts. The future of any nation relies not only on its thinkers, teachers, and policymakers but equally on the integrity and work ethic of its labor force. Until our craftsmen and workers realize the importance of character alongside competence — and until clients collectively demand ethical service along with quality — this cycle of mutual disappointment will persist.

**A Hope for the Future**

I continue my search for an honest, skilled craftsman — someone who values their craft as a trust, honors deadlines, and takes pride in every task, however small. If you know such a person, let them know there's someone waiting to recognize and reward their sincerity.

But beyond my personal quest, this is a collective responsibility. As a society, we must raise our standards of labor ethics and accountability. Let us revive the lost culture of trust, punctuality, and hard work across every profession — from laborers to leaders. A society flourishes when hands are diligent and hearts are honest. A culture built on sincerity and responsibility benefits not just individual clients but uplifts entire communities. After all, respect for labor is a social virtue — but without responsibility, it becomes an empty ritual.

# ਭਾਈ ਮਨੀ ਸਿੰਘ ਜਿਨ੍ਹਾਂ ਨੇ ਹਕੂਮਤ ਦੀ ਸਾਜ਼ਿਸ਼ ਨੂੰ ਨਾਕਾਮ ਕਰ ਕੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਣ ਤੋਂ ਬਚਾਇਆ ਸੀ



ਸਿੱਖ ਧਰਮ ਵਿੱਚ ਰੋਜ਼ਾਨਾ ਅਰਦਾਸ ਵਿੱਚ ਇਹ ਸਤਰਾਂ ਪੜ੍ਹੀਆਂ ਜਾਂਦੀਆਂ ਹਨ, 'ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ ਬੰਦ-ਬੰਦ ਕਟਾਏ, ਖੋਪੜੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ।' ਇੱਥੇ ਬੰਦ-ਬੰਦ ਕਟਾਉਣ ਦਾ ਜ਼ਿਕਰ ਭਾਈ ਮਨੀ ਸਿੰਘ ਲਈ ਵਰਤਿਆ ਗਿਆ ਹੈ ਜਿਨ੍ਹਾਂ ਨੂੰ ਸਿੱਖਾਂ ਵੱਲੋਂ ਵਿਦਵਾਨ ਸ਼ਹੀਦ ਮੰਨਿਆ ਜਾਂਦਾ ਹੈ। ਭਾਈ ਮਨੀ ਸਿੰਘ ਦਾ ਸਿੱਖ ਧਰਮ ਦੇ ਇਤਿਹਾਸ ਵਿੱਚ ਇੱਕ ਖ਼ਾਸ ਸਥਾਨ ਹੈ। ਉਨ੍ਹਾਂ ਦਾ ਯੋਗਦਾਨ ਗੁਰੂ ਸਾਹਿਬਾਨ ਦੇ ਕਾਲ ਵੇਲੇ ਤੇ ਉਸ ਮਗਰੋਂ ਵੀ ਕਾਫੀ ਅਹਿਮ ਮੰਨਿਆ ਜਾਂਦਾ ਹੈ। ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੱਖਾਂ ਵਿੱਚ ਇੱਕ ਯੋਗ ਆਗੂ ਨਜ਼ਰ ਨਹੀਂ ਆ ਰਿਹਾ ਸੀ। ਉਸ ਵੇਲੇ ਭਾਈ ਮਨੀ ਸਿੰਘ ਨੇ ਸਿੱਖਾਂ ਨੂੰ ਇੱਕਜੁਟ ਕਰਨ ਤੇ ਉਸ ਵੇਲੇ ਦੀ ਹਕੂਮਤ ਖ਼ ?ਲਾਫ਼ ਖੜ੍ਹੇ ਹੋਣ ਲਈ ਜਿਸ ਤਿਆਰੀ ਦੀ ਲੋੜ ਸੀ ਉਸ ਵਿੱਚ ਇੱਕ ਅਹਿਮ ਭੂਮਿਕਾ ਨਿਭਾਈ। ਇਸ ਲੇਖ ਵਿੱਚ ਮੁੱਢਲੇ ਤੌਰ ਉੱਤੇ ਉਨ੍ਹਾਂ ਦੇ ਜੀਵਨ ਦੀਆਂ ਮੁੱਖ ਘਟਨਾਵਾਂ ਤੇ ਅਹਿਮ ਯੋਗਦਾਨ ਉੱਤੇ ਨਜ਼ਰ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਹਰਿਮੰਦਰ ਸਾਹਿਬ ਦਾ ਗ੍ਰੰਥੀ ਬਣਾਉਣਾ**

ਡਾ. ਹਰਬੰਸ ਸਿੰਘ ਅਨੁਸਾਰ 1690ਵਿਆਂ ਦੇ ਦਹਾਕੇ ਦੇ ਆਖਰੀ ਹਿੱਸੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪ ਕੇ ਭੇਜਿਆ ਸੀ। ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਭਾਈ ਬੁੱਢਾ ਜੀ ਨੂੰ ਹਰਿਮੰਦਰ ਸਾਹਿਬ ਦਾ ਪਹਿਲਾ ਗ੍ਰੰਥੀ ਥਾਪਿਆ ਸੀ। ਇਸ ਮਗਰੋਂ ਭਾਈ ਗੁਰਦਾਸ ਨੇ ਇਹ ਸੇਵਾ ਨਿਭਾਈ ਸੀ। ਭਾਈ ਮਨੀ ਸਿੰਘ ਤੀਜੇ ਸਿੱਖ ਸਨ ਜਿਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਗ੍ਰੰਥੀ ਵਜੋਂ ਸੇਵਾ ਨਿਭਾਈ ਸੀ। ਡਾ. ਰਤਨ ਸਿੰਘ ਜੱਗੀ ਆਪਣੀ ਕਿਤਾਬ, 'ਭਾਈ ਮਨੀ ਸਿੰਘ- ਜੀਵਨ ਤੇ ਰਚਨਾ' ਵਿੱਚ ਲਿਖਦੇ ਹਨ ਕਿ ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਪਹੁੰਚ ਕੇ ਸਿੱਖੀ ਰਵਾਇਤਾਂ ਨੂੰ ਬਹਾਲ ਕੀਤਾ ਤੇ ਸਿੱਖ ਧਰਮ ਦੀ ਮਰਿਆਦਾ ਨੂੰ ਮੁੜ ਤੋਂ ਪ੍ਰਚਲਿਤ ਕੀਤਾ। ਡਾ. ਰਤਨ ਸਿੰਘ ਜੱਗੀ ਮੁਤਾਬਕ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੀ ਸੇਵਾ ਨਿਭਾਉਂਦਿਆਂ ਹੋਇਆਂ ਭਾਈ ਮਨੀ ਸਿੰਘ ਅਨੰਦਪੁਰ ਸਾਹਿਬ ਵੀ ਜਾਂਦੇ ਰਹਿੰਦੇ ਸਨ। ਡਾ. ਜੱਗੀ ਅਨੁਸਾਰ ਉਸ ਵੇਲੇ ਦਾ ਹੁਕਮਨਾਮਾ ਵੀ ਮਿਲਦਾ ਹੈ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਭਾਈ ਮਨੀ ਸਿੰਘ ਤੇ ਉਨ੍ਹਾਂ ਦੇ ਸਾਥੀ ਸਿੱਖਾਂ ਦੀ ਸੇਵਾ ਬਾਰੇ ਲਿਖਦੇ ਹਨ।

**ਗੁਰੂ ਗੋਬਿੰਦ ਸਿੰਘ ਨਾਲ ਸਾਬੋ ਦੀ ਤਲਵੰਡੀ ਵਿੱਚ ਮਿਲਣਾ**

1704 ਵਿੱਚ ਅਨੰਦਪੁਰ ਸਾਹਿਬ ਦੀ ਆਖ਼ਰੀ ਜੰਗ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਵੱਲ ਨਿਕਲ ਗਏ ਸੀ। ਅੰਮ੍ਰਿਤਸਰ ਵਿੱਚ ਜਦੋਂ ਭਾਈ ਮਨੀ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਹੋਰ ਸਿੱਖਾਂ ਦੀ ਸ਼ਹਾਦਤ ਬਾਰੇ ਪਤਾ ਚੱਲਿਆ ਤਾਂ ਉਹ ਗੁਰੂ ਸਾਹਿਬ ਨੂੰ ਮਿਲਣ ਲਈ ਅੰਮ੍ਰਿਤਸਰ ਸਾਹਿਬ ਤੋਂ ਨਿਕਲ ਗਏ। ਉਸ ਵੇਲੇ ਗੁਰੂ ਸਾਹਿਬ ਨੇ ਆਪਣੇ ਟਿਕਾਣੇ ਸਾਬੋ ਦੀ ਤਲਵੰਡੀ ਵਿੱਚ ਲਗਾਏ ਹੋਏ ਸਨ। ਇੱਥੇ ਹੁਣ ਗੁਰਦੁਆਰਾ ਦਮਦਮਾ ਸਾਹਿਬ ਮੌਜੂਦ ਹੈ। ਭਾਈ ਮਨੀ ਸਿੰਘ ਨੇ ਇਸ ਥਾਂ ਉੱਤੇ ਰਹਿੰਦਿਆਂ ਗੁਰਬਾਣੀ ਉੱਤੇ ਕਾਫੀ ਕੰਮ ਕੀਤਾ। ਅਨੰਦਪੁਰ ਸਾਹਿਬ ਦੀਆਂ ਜੰਗਾਂ ਤੋਂ ਬਾਅਦ ਹੁਣ ਕੁਝ ਵਕਤ ਸ਼ਾਂਤੀ ਦਾ ਮਿਲਿਆ ਸੀ।




ਇਸੇ ਵਕਤ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਉੱਤੇ ਭਾਈ ਮਨੀ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤਿਆਰ ਕਰਨ ਵਿੱਚ ਬਾਬਾ ਦੀਪ ਸਿੰਘ ਨਾਲ ਮਿਲ ਕੇ ਅਹਿਮ ਯੋਗਦਾਨ ਪਾਇਆ। ਗੁਰਮਤਿ ਕਾਲਜ, ਦਿੱਲੀ ਦੇ ਪ੍ਰਿੰਸੀਪਲ ਰਹਿ ਚੁੱਕੇ ਨਰਿੰਦਰਪਾਲ ਸਿੰਘ ਦੱਸਦੇ ਹਨ, ÷ਗੁਰੂ ਗ੍ਰੰਥ ਸਾਹਿਬ ਦਾ ਹੁਣ ਜੋ ਮੌਜੂਦਾ ਸਰੂਪ ਹੈ ਜਿਸ ਅੱਗੇ ਸਿੱਖ ਸੀਸ ਨਿਵਾਉਂਦੇ ਹਨ ਉਸ ਸਰੂਪ ਨੂੰ ਭਾਈ ਮਨੀ ਸਿੰਘ ਨੇ ਹੀ ਤਿਆਰ ਕੀਤਾ ਸੀ। ਗੁਰੂ ਤੇਗ ਬਹਾਦਰ ਸਾਹਿਬ ਦੀ ਪੂਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਦਮਦਮਾ ਸਾਹਿਬ ਵਿਖੇ ਹੀ ਕੀਤੀ ਗਈ ਸੀ। ਗੁਰੂ ਗ੍ਰੰਥ ਸਾਹਿਬ ਦੇ ਇਸੇ ਸਰੂਪ ਨੂੰ 'ਦਮਦਮੀ ਬੀੜ' ਕਿਹਾ ਜਾਂਦਾ ਹੈ।

**ਭਾਈ ਮਨੀ ਸਿੰਘ ਦੀ ਬਾਬਾ ਬੰਦਾ ਸਿੰਘ ਬਹਾਦਰ ਮਗਰੋਂ ਕੀ ਭੂਮਿਕਾ ਰਹੀ**

ਦਮਦਮਾ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਦੱਖਣ ਵੱਲ ਚਲੇ ਗਏ ਸੀ। ਭਾਈ ਮਨੀ ਸਿੰਘ ਇਸ ਮਗਰੋਂ ਅੰਮ੍ਰਿਤਸਰ ਵਿੱਚ ਵਾਪਸ ਆ ਕੇ ਗੁਰੂ ਸਾਹਿਬ ਵੱਲੋਂ ਦਿੱਤੀ ਸੇਵਾ ਨੂੰ ਨਿਭਾਉਣ ਲੱਗੇ। ਦਿੱਲੀ ਵਿੱਚ ਰਹਿ ਰਹੇ ਗੁਰੂ ਗੋਬਿੰਦ ਸਿੰਘ ਦੇ ਮਹਿਲ (ਪਤਨੀ) ਮਾਤਾ ਸੁੰਦਰੀ ਜੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖਾਂ ਦੀ ਅਗਵਾਈ ਕਰ ਰਹੇ ਸਨ। ਭਾਈ ਮਨੀ ਸਿੰਘ ਅੰਮ੍ਰਿਤਸਰ ਵਿੱਚ ਰਹਿ ਕੇ ਲਗਾਤਾਰ ਉਨ੍ਹਾਂ ਦੇ ਸੰਪਰਕ ਵਿੱਚ ਸਨ। ਡਾ. ਹਰਬੰਸ ਸਿੰਘ ਮੁਤਾਬਕ ਭਾਈ ਮਨੀ ਸਿੰਘ ਵੱਲੋਂ ਮਾਤਾ ਸੁੰਦਰੀ ਜੀ ਨੂੰ ਲਿਖੀ ਗਈ ਇੱਕ ਚਿੱਠੀ ਵੀ ਮੌਜੂਦ ਹੈ ਜਿਸ ਨਾਲ ਉਨ੍ਹਾਂ ਦੀ ਮਾਤਾ ਸੁੰਦਰੀ ਜੀ ਨਾਲ ਲਗਾਤਾਰ ਰਾਬਤਾ ਕਾਇਮ ਰਹਿਣ ਦੀ ਤਸਦੀਕ ਵੀ ਹੁੰਦੀ ਹੈ। ਡਾ. ਹਰਬੰਸ ਸਿੰਘ ਦੀ ਇਨਸਾਇਕਲੋਪੀਡੀਆ ਆਫ ਸਿੱਖਜ਼ਮ ਮੁਤਾਬਕ ਬਾਬਾ ਬੰਦਾ ਸਿੰਘ ਬਹਾਦਰ ਦੀ ਮੌਤ ਤੋਂ ਕੁਝ ਸਾਲ ਬਾਅਦ ਸਿੱਖਾਂ ਦੀਆਂ ਦੋ ਧਿਰਾਂ ਵਿਚਾਲੇ ਮਤਭੇਦ ਉਭਰੇ। ਇੱਕ ਧਿਰ ਨਿਹੰਗ ਸਿੰਘਾਂ ਦੀ ਸੀ ਜੋ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਦੇ ਸੀ। ਦੂਜਾ ਬੰਦਈ ਖਾਲਸਾ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਨੂੰ 11ਵਾਂ ਗੁਰੂ ਮੰਨਦੇ ਸੀ। ਡਾ. ਰਤਨ ਸਿੰਘ ਜੱਗੀ ਮੁਤਾਬਕ ਦਿੱਲੀ ਵਿੱਚੋਂ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਨੂੰ ਚਿੱਠੀ ਲਿਖ ਕੇ ਇਸ ਮਸਲੇ ਨੂੰ ਸੁਲਝਾਉਣ ਲਈ ਕਿਹਾ। ਭਾਈ ਮਨੀ ਸਿੰਘ ਨੇ ਦੋਵਾਂ ਧਿਰਾਂ ਨੂੰ ਅੰਮ੍ਰਿਤਸਰ ਬੁਲਾਇਆ। ਆਪਸੀ ਗੱਲਬਾਤ ਤੇ ਸਮਝ ਦੇ ਨਾਲ ਭਾਈ ਮਨੀ ਸਿੰਘ ਨੇ ਇਸ ਵਿਵਾਦ ਨੂੰ ਸੁਲਝਾਇਆ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੀ ਰੀਤ ਹੀ ਅੱਗੇ ਕਾਇਮ ਰਹੀ।

**ਜਦੋਂ ਜ਼ਕਰੀਆ ਖ਼ਾਨ ਦੀ ਸਾਜ਼ਿਸ਼ ਨੂੰ ਨਾਕਾਮ ਕੀਤਾ**

ਇਤਿਹਾਸਕਾਰ ਜੇ ਐੱਸ ਗਰੇਵਾਲ ਨੇ ਆਪਣੀ ਕਿਤਾਬ 'ਦਿ ਸਿਖਸ ਆਫ ਦਿ ਪੰਜਾਬ- ਰਾਈਜ਼ ਟੂ ਪੌਲਿਟਿਕਲ ਪਾਵਰ' ਵਿੱਚ ਲਿਖਦੇ ਹਨ ਕਿ ਪੰਜਾਬ ਦੇ ਗਵਰਨਰ ਜ਼ਕਰੀਆ ਖ਼ਾਨ ਨੇ 1730ਵਿਆਂ ਵਿੱਚ ਸਿੱਖਾਂ ਉੱਤੇ ਕਾਫੀ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹ ਕਹਿੰਦੇ ਹਨ, ÷ਜ਼ਕਰੀਆ ਖ਼ਾਨ ਦੀ ਸਖ਼ਤੀ ਕਾਰਨ ਸਿੱਖਾਂ ਨੇ ਛੋਟੇ-ਛੋਟੇ ਗਰੁੱਪਾਂ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਸੀ। ਉਹ ਤੇਜ਼ੀ ਨਾਲ ਹਮਲਾ ਕਰਦੇ ਸਨ ਜੋ ਅਸਰਦਾਰ ਵੀ ਹੁੰਦਾ ਸੀ। ਅੰਮ੍ਰਿਤਸਰ ਉਸ ਵੇਲੇ ਸਿੱਖਾਂ ਦੇ ਲਈ ਮੁੱਖ ਕੇਂਦਰ ਬਣ ਗਿਆ ਸੀ।÷ ÷ਜਦੋਂ ਜ਼ਕਰੀਆ ਖ਼ਾਨ ਇਨ੍ਹਾਂ ਸਿੱਖਾਂ ਉੱਤੇ ਕੰਟ ?ਰੋਲ ਕਰਨ ਵਿੱਚ ਕਾਮਯਾਬ ਨਹੀਂ ਹੋ ਸਕਿਆ ਤਾਂ ਉਸ ਨੇ ਆਪਣਾ ਧਿਆਨ ਇਸੇ ਕੇਂਦਰ ਵੱਲ ਕਰ ਲਿਆ। ਭਾਈ ਮਨੀ ਸਿੰਘ ਨੇ ਉਸ ਵੇਲੇ ਸੋਚਿਆ ਕਿ ਅੰਮ੍ਰਿਤਸਰ ਵਿੱਚ ਦੀਵਾਲੀ ਨੂੰ ਸਿੱਖਾਂ ਦਾ ਇਕੱਠ ਕੀਤਾ ਜਾ ਸਕਦਾ ਹੈ।÷ ਇਤਿਹਾਸਕਾਰ ਡਾ. ਰਤਨ ਸਿੰਘ ਭੰਗੂ ਦੇ ਹਵਾਲੇ ਨਾਲ ਡਾ. ਹਰਬੰਸ ਸਿੰਘ ਲਿਖਦੇ ਹਨ ਕਿ ਸਾਲ 1737 ਵਿੱਚ ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ ਵਿੱਚ ਸਿਰਫ਼ ਇਸੇ ਸ਼ਰਤ ਨਾਲ ਦੀਵਾਲੀ ਮਨਾਉਣ ਦੀ ਇਜਾਜ਼ਤ ਦਿੱਤੀ ਕਿ ਸਿੱਖਾਂ ਨੂੰ ਸਰਕਾਰ ਨੂੰ ਪੰਜ ਹਜ਼ਾਰ ਰੁਪਏ ਟੈਕਸ ਅਦਾ ਕਰਨਾ ਪਵੇਗਾ। ਸਿੱਖਾਂ ਨੇ ਇਸ ਸ਼ਰਤ ਨੂੰ ਮੰਨ ਲਿਆ ਤੇ ਭਾਈ ਮਨੀ ਸਿੰਘ ਨੇ ਵੱਖ-ਵੱਖ ਹਿੱਸਿਆਂ ਵਿੱਚ ਰਹਿ ਰਹੇ ਸਿੱਖਾਂ ਨੂੰ ਦੀਵਾਲੀ ਦੇ ਮੇਲੇ ਲਈ ਚਿੱਠੀਆਂ ਰਾਹੀਂ ਸੱਦਾ ਦਿੱਤਾ। ਪ੍ਰਿੰਸੀਪਲ ਨਰਿੰਦਰਪਾਲ ਸਿੰਘ ਕਹਿੰਦੇ ਹਨ, ÷ਦੀਵਾਲੀ ਦੇ ਮੇਲੇ ਲਈ ਇਜਾਜ਼ਤ ਦੇਣਾ ਪੂਰੇ ਤਰੀਕੇ ਨਾਲ ਜ਼ਕਰੀਆ ਖ਼ਾਨ ਦੀ ਚਾਲ ਸੀ ਕਿਉਂਕਿ ਦੂਜੇ ਪਾਸੇ ਜ਼ਕਰੀਆ ਖ਼ਾਨ ਨੇ ਸਿੱਖਾਂ ਉੱਤੇ ਹਮਲਾ ਕਰਨ ਲਈ ਵੱਡੀ ਫੌਜ ਭੇਜ ਦਿੱਤੀ ਸੀ। ਭਾਈ ਮਨੀ ਸਿੰਘ ਨੂੰ ਜਦੋਂ ਇਸ ਚਾਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਚਿੱਠੀਆਂ ਲਿਖ ਕੇ ਸਿੱਖਾਂ ਦੇ ਜੱਥਿਆਂ ਨੂੰ ਰੋਕ ਦਿੱਤਾ। ਜਦੋਂ ਕੋਈ ਵੀ ਜੱਥਾ ਨਹੀਂ ਪਹੁੰਚਿਆ ਤਾਂ ਕੋਈ ਵੀ ਟੈਕਸ ਇਕੱਠਾ ਨਹੀਂ ਹੋ ਸਕਿਆ ਸੀ। ਸਰਕਾਰ ਨੇ ਕਿਹਾ ਕਿ ਟੈਕਸ ਦਿਓ, ਕਿਉਂਕਿ ਤੁਸੀਂ ਕਿਹਾ ਸੀ ਕਿ ਦੀਵਾਲੀ ਦਾ ਮੇਲਾ ਕਰੋਗੇ ਤਾਂ ਸਾਨੂੰ ਟੈਕਸ ਦਾ ਭੁਗਤਾਨ ਕਰੋਗੇ। ਭਾਈ ਮਨੀ ਸਿੰਘ ਵੱਲੋਂ ਕਿਹਾ ਗਿਆ ਕਿ ਸਰਕਾਰ ਨੇ ਘੇਰਾਬੰਦੀ ਕਰ ਲਈ ਸੀ ਤਾਂ ਫਿਰ ਦੀਵਾਲੀ ਦਾ ਇਕੱਠ ਨਹੀਂ ਹੋਇਆ, ਫਿਰ ਟੈਕਸ ਕਿਸ ਗੱਲ ਦਾ ਦੇਣਾ। ਡਾ. ਹਰਬੰਸ ਸਿੰਘ ਲਿਖਦੇ ਹਨ, ÷ਭਾਈ ਮਨੀ ਸਿੰਘ ਤੋਂ ਗਵਰਨਰ ਨੇ ਟੈਕਸ ਦੀ ਰਕਮ ਮੰਗੀ ਜਿਸ ਨੂੰ ਮਨੀ ਸਿੰਘ ਨੇ ਨਹੀਂ ਦਿੱਤਾ। ਇਸ ਮਗਰੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਜਾਂ ਤਾਂ ਇਸਲਾਮ ਕਬੂਲ ਕਰੋ ਜਾਂ ਮਰਨ ਲਈ ਤਿਆਰ ਹੋ ਜਾਓ। ਭਾਈ ਮਨੀ ਸਿੰਘ ਨੇ ਮੌਤ ਨੂੰ ਕਬੂਲ ਕੀਤਾ। ਲਾਹੌਰ ਵਿੱਚ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕਟ ਕੇ ਸ਼ਹੀਦ ਕੀਤਾ ਗਿਆ।



## ਭਾਈ ਮਨੀ ਸਿੰਘ ਜੀ ਗੁਰੂ ਘਰ ਨਾਲ ਕਿਵੇਂ ਜੁੜੇ

ਡਾ. ਹਰਬੰਸ ਸਿੰਘ ਦੇ 'ਇਨਸਾਈਕਲੋਪੀਡੀਆ ਆਫ ਸਿੱਖੀਜ਼ਮ' ਮੁਤਾਬਕ ਭਾਈ ਮਨੀ ਸਿੰਘ ਦਾ ਜਨਮ ਸੰਗਰੂਰ ਜ਼ਿਲ੍ਹੇ ਵਿੱਚ ਉਸ ਵੇਲੇ ਦੇ ਇੱਕ ਪਿੰਡ ਕੰਬੋਵਾਲ ਵਿੱਚ ਹੋਇਆ ਸੀ। ਡਾ. ਹਰਬੰਸ ਸਿੰਘ ਮੁਤਾਬਕ ਭਾਈ ਮਨੀ ਸਿੰਘ ਬਚਪਨ ਵਿੱਚ ਹੀ ਆਪਣੇ ਪਰਿਵਾਰ ਨਾਲ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਵੇਲੇ ਅਨੰਦਪੁਰ ਸਾਹਿਬ ਆ ਗਏ ਸਨ। ਭਾਈ ਮਨੀ ਸਿੰਘ ਤੇ ਗੁਰੂ ਤੇਗ ਬਹਾਦਰ ਦੇ ਪੁੱਤਰ ਗੋਬਿੰਦ ਰਾਇ (ਬਾਅਦ ਵਿੱਚ ਜੋ ਗੁਰੂ ਗੋਬਿੰਦ ਸਿੰਘ ਬਣੇ) ਤਕਰੀਬਨ ਇੱਕੋ ਉਮਰ ਦੇ ਸਨ। ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਦੇ ਨਾਲ ਹੀ ਵੱਡੇ ਹੋਏ ਤੇ ਜਦੋਂ ਉਹ ਗੁਰੂ ਬਣੇ ਤਾਂ ਵੀ ਮਨੀ ਸਿੰਘ ਅਹਿਮ ਕਾਰਜਾਂ ਵਿੱਚ ਉਨ੍ਹਾਂ ਦੇ ਨਾਲ ਹੀ ਰਹੇ। ਡਾ. ਹਰਬੰਸ ਸਿੰਘ ਇਹ ਵੀ ਦੱਸਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਪਾਊਂਟਾ ਸਾਹਿਬ ਦੀ ਧਰਤੀ ਉੱਤੇ ਕੁਝ ਸਾਲ ਰਹੇ ਤਾਂ ਭਾਈ ਮਨੀ ਸਿੰਘ ਨੇ ਉੱਥੇ ਗੁਰਮਤਿ ਸਾਹਿਤ ਨਾਲ ਜੁੜਿਆ ਕਾਫੀ ਕੰਮ ਕੀਤਾ। ਉਸੇ ਵੇਲੇ ਉਨ੍ਹਾਂ ਦਾ ਅੱਖਰਾਂ ਦੇ ਨਾਲ ਪਿਆਰ ਉਪਜਿਆ ਸੀ। ਉਨ੍ਹਾਂ ਨੇ ਗੁਰਬਾਣੀ ਦੇ ਉਤਾਰੇ ਕਰ ਕੇ ਛੋਟੀਆਂ ਕਿਤਾਬਾਂ ਜਾਂ ਗੁਟਕਿਆਂ ਦੇ ਰੂਪ ਵਿੱਚ ਸਿੱਖ ਸ਼ਰਧਾਲੂਆਂ ਨੂੰ ਵੰਡੇ ਸੀ।



# ਭਾਈ ਮਨੀ ਸਿੰਘ ਜੀ-ਸਿੱਖ ਕੌਮ ਦੇ ਮਹਾਨ ਸ਼ਹੀਦ

ਸਿੱਖ ਇਤਿਹਾਸ ਵਿੱਚ ਅਨੇਕਾਂ ਮਹਾਨ ਸ਼ਖਸੀਅਤਾਂ ਹੋਈਆਂ ਹਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਸਿੱਖੀ ਦੇ ਸਿਧਾਂਤਾਂ ਤੇ ਪਹਿਰਾ ਦਿੰਦਿਆਂ ਕੌਮ ਨੂੰ ਸਮਰਪਿਤ ਕਰ ਦਿੱਤੀ। ਇਨ੍ਹਾਂ ਮਹਾਨ ਸ਼ਖਸ਼ੀਅਤਾਂ ਵਿੱਚ ਭਾਈ ਮਨੀ ਸਿੰਘ ਜੀ ਦਾ ਨਾਮ ਸਿੱਖ ਇਤਿਹਾਸ ਦੇ ਸ਼ਹੀਦਾਂ ਵਿੱਚ ਅਹਿਮ ਸਥਾਨ ਰੱਖਦਾ ਹੈ।ਉਹ ਸਿੱਖ ਧਰਮ ਦੇ ਮਹਾਨ ਗਿਆਨੀ, ਲੇਖਕ, ਸੰਪਾਦਕ ਅਤੇ ਸ਼ਹੀਦ ਸਨ ਜਿਨ੍ਹਾਂ ਦੀ ਸ਼ਹਾਦਤ ਸਿੱਖ ਪੰਥ ਲਈ ਪ੍ਰੇਰਣਾ ਦਾ ਸਰੋਤ ਹੈ।

ਭਾਈ ਮਨੀ ਸਿੰਘ ਜੀ ਸਿੱਖ ਇਤਿਹਾਸ ਦੀ ਬਹੁਤ ਮਹਾਨ ਤੇ ਵਡਮੁੱਲੀ ਸ਼ਖਸ਼ੀਅਤ ਸਨ।ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਈ ਨੂੰ ਅਲੀਪੁਰ ਜ਼ਿਲ੍ਹੇ ਦੇ ਮੁਜ਼ੱਫਰਗੜ੍ਹ (ਪਾਕਿਸਤਾਨ) ਵਿੱਚ ਭਾਈ ਮਾਈ ਦਾਸ ਅਤੇ ਬੀਬੀ ਮਧਰੀ ਬਾਈ ਦੇ ਘਰ ਹੋਇਆ।ਆਪ ਜੀ ਦਾ ਬਚਪਨ ਦਾ ਨਾਮ ਮਨੀ ਰਾਮ ਰੱਖਿਆ ਗਿਆ ਸੀ ਪਰ ਪਰਿਵਾਰ ਵਾਲੇ ਆਪ ਨੂੰ ਲਾਡ ਨਾਲ ਮਣੀਆਂ ਆਖ ਬੁਲਾਇਆ ਕਰਦੇ ਸਨ।ਭਾਈ ਮਨੀ ਸਿੰਘ ਜੀ ਦੇ ਬਚਪਨ ਬਾਰੇ ਬਹੁਤੀ ਜਾਣਕਾਰੀ ਮੌਜੂਦ ਨਹੀਂ ਹੈ ਸਿਰਫ ਇੰਨਾ ਕੁ ਹੀ ਪਤਾ ਹੈ ਕਿ ਆਪ ਜੀ ਦੇ ਮਾਤਾ ਪਿਤਾ ਗੁਰੂ ਘਰ ਦੇ ਵਿੱਚ ਵਿਸ਼ਵਾਸ ਰੱਖਦੇ ਸਨ ਜਿਸ ਦੇ ਸਿੱਟੇ ਵਜੋਂ ਆਪ ਜੀ ਦਾ ਝੁਕਾ ਵੀ ਗੁਰੂ ਘਰ ਵੱਲ ਬਚਪਨ ਤੋਂ ਹੀ ਸੀ।

ਸੰਨ 1657 ਈਸਵੀ ਵਿੱਚ ਆਪ ਜੀ ਦੇ ਪਿਤਾ ਆਪ ਜੀ ਨੂੰ ਗੁਰੂ ਹਰਿਰਾਏ ਸਾਹਿਬ ਜੀ ਦੇ ਦਰਸ਼ਨ ਕਰਵਾਉਣ ਲਈ ਕੀਰਤਪੁਰ ਸਾਹਿਬ ਵਿਖੇ ਲੈ ਕੇ ਆਏ ਉਸ ਵਕਤ ਆਪ ਜੀ ਦੀ ਉਮਰ ਤਕਰੀਬਨ 13 ਸਾਲ ਦੀ ਸੀ।ਆਪ ਜੀ ਨੇ ਤਕਰੀਬਨ ਦੋ ਸਾਲ ਗੁਰੂ ਹਰਿਰਾਏ ਸਾਹਿਬ ਜੀ ਦੀ ਸੇਵਾ ਵਿੱਚ ਕੀਰਤਪੁਰ ਸਾਹਿਬ ਵਿਖੇ ਬਤੀਤ ਕੀਤੇ। ਸੰਨ 1659 ਈਸਵੀ ਨੂੰ ਆਪ ਜੀ ਦਾ ਵਿਆਹ ਭਾਈ ਲੱਖਾ ਰਾਏ ਦੀ ਸਪੁੱਤਰੀ ਬੀਬੀ ਸੀਤੋ ਬਾਈ ਨਾਲ ਹੋ ਗਿਆ।ਕੁਝ ਸਮਾਂ ਵਿਆਹੁਤਾ ਜੀਵਨ ਗੁਜ਼ਾਰਨ ਤੋਂ ਬਾਅਦ ਆਪ ਗੁਰੂ ਹਰਕ੍ਰਿਸ਼ਨ ਸਾਹਿਬ ਦੀ ਸੇਵਾ ਵਿੱਚ ਦਿੱਲੀ ਆ ਗਏ। ਜਦੋਂ 30 ਮਾਰਚ 1664 ਵਿਚ ਗੁਰੂ ਹਰ ਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾਏ ਤਾਂ ਇਹ ਮਾਤਾ ਸੁਲਖਣੀ ਜੀ ਨੂੰ ਨਾਲ ਲੇਕੇ ਗੁਰੂ ਤੇਗ ਬਹਾਦਰ ਜੀ ਦੇ ਕੋਲ ਬਕਾਲੇ ਪਹੁੰਚ ਗਏ।ਤੇਗ ਬਹਾਦਰ ਜੀ ਦੀ ਧਰਮ ਪ੍ਰਚਾਰ ਫੇਰੀ ਮੁਕੰਮਲ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਾਪਸ ਆ ਗਏ।ਭਾਈ ਮਨੀ ਸਿੰਘ ਜੀ ਨੇ ਵੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਚਾਲੇ ਪਾਏ। ਸ੍ਰੀ ਅਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਭਾਈ ਮਨੀ ਸਿੰਘ ਨੇ ਜੀ ਨੇ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਾਉਣ ਦੀ ਸੇਵਾ ਨਿਭਾਈ।

ਸੰਨ 1675 ਈਸਵੀ ਨੂੰ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਜੁੱਟ ਗਏ।ਸੰਨ 1678 ਈਸਵੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਆਦਿ ਗ੍ਰੰਥ ਦੇ ਉਤਾਰੇ ਦਾ ਮਹੱਤਵਪੂਰਨ ਕੰਮ ਸੌਂਪਿਆ।ਸਿਰਫ 35 ਸਾਲ ਦੀ ਉਮਰ ਦੇ ਵਿੱਚ ਭਾਈ ਮਨੀ ਸਿੰਘ ਇੱਕ ਨਿਧੜਕ ਯੋਧੇ ,ਗੁਣੀ ਗਿਆਨੀ, ਯੋਗ ਆਗੂ ,ਸੂਝਵਾਨ ਲਿਖਾਰੀ ਅਤੇ ਸੰਪਾਦਕ ਦੇ ਤੌਰ ਦੇ ਉੱਤੇ ਗੁਰੂ ਘਰ ਦੀਆਂ ਸੇਵਾਵਾਂ ਨਿਭਾਈਆਂ।ਭਾਈ ਮਨੀ ਸਿੰਘ ਜੀ ਦੀਆਂ ਯੋਗ ਸੇਵਾਵਾਂ ਸਦਕਾ ਸੰਨ 1691 ਈਸਵੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਨੂੰ ਦੀਵਾਨ ਨਿਯੁਕਤ ਕੀਤਾ।ਭਾਈ ਸਾਹਿਬ ਨੇ ਸਾਰੀ ਜ਼ਿੰਦਗੀ ਸਿੱਖ ਕੌਮ ਦੇ ਲੇਖੇ ਲਗਾਈ।ਸੰਨ 1699 ਈਸਵੀ ਨੂੰ ਵਿਸਾਖੀ ਦੇ ਮੌਕੇ ਭਾਈ ਮਨੀ ਸਿੰਘ ਜੀ ਨੇ ਆਪਣੇ ਪੰਜ ਪੁੱਤਰਾਂ ਸਮੇਤ ਪੰਜ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ ਸਿੰਘ ਸਜੇ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਦਾਸ ਸੁਰਿੰਦਰ ਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

ਖਾਲਸਾ ਪੰਥ ਦੀ ਸਾਜਨਾ ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੰਗਤ ਵੱਲੋਂ ਕੀਤੀ ਗਈ ਬੇਨਤੀ ਨੂੰ ਪ੍ਰਵਾਨ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਬੁੰਗੇ ਦਾ ਸੇਵਾਦਾਰ ਨਿਯੁਕਤ ਕਰਕੇ ਭੇਜਿਆ ਸੀ।ਆਪ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਤੇ ਦੂਸਰੇ ਸਥਾਨ ਤੇ ਸੇਵਾ ਨਿਭਾ ਚੁੱਕੇ ਭਾਈ ਗੁਰਦਾਸ ਜੀ ਤੋਂ ਬਾਅਦ ਗੁਰੂ ਮਰਯਾਦਾ ਅਨੁਸਾਰ ਹਰਿਮੰਦਰ ਸਾਹਿਬ ਦੇ ਤੀਸਰੇ ਗ੍ਰੰਥੀ ਬਣੇ ਸਨ।ਸੰਨ 1708 ਈਸਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਿੱਖਾਂ ਨੂੰ ਜਥੇਬੰਦ ਕਰਨ ਵਿੱਚ ਭਾਈ ਮਨੀ ਸਿੰਘ ਦਾ ਉਘਾ ਯੋਗਦਾਨ ਸੀ।ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖ ਦਲਾਂ ਨੂੰ ਇਕਮੁੱਠ ਰੱਖਣ ਵਾਸਤੇ ਉਹਨਾ ਨੇ ਅਹਿਮ ਭੂਮਿਕਾ ਨਿਭਾਈ ਸੀ। ਭਾਈ ਮਨੀ ਸਿੰਘ ਜੀ ਨੇ ਧਾਰਮਿਕ ਆਜ਼ਾਦੀ ਲਈ ਮੁਗਲ ਹਕੂਮਤ ਦਾ ਡੱਟ ਕੇ ਮੁਕਾਬਲਾ ਕੀਤਾ।ਸਮੇਂ ਦੇ ਜ਼ਾਲਮ ਮੁਗਲ ਹਾਕਮਾਂ ਵੱਲੋਂ ਸਿੱਖਾਂ ਦੇ ਧਾਰਮਿਕ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਵਿੱਚ ਹਰ ਤਰ੍ਹਾਂ ਦੇ ਧਾਰਮਿਕ ਪੁਰਬ ਮਨਾਉਣ ਉਤੇ ਸਖਤ ਪਾਬੰਦੀ ਲਗਾਈ ਹੋਈ ਸੀ । ਸਿੱਖ ਪੰਥ ਨੇ ਭਾਈ ਮਨੀ ਸਿੰਘ ਨੂੰ ਇਸ ਪਾਬੰਦੀ ਨੂੰ ਖਾਰਜ ਕਰਵਾਉਣ ਲਈ ਬੇਨਤੀ ਕੀਤੀ ਅਤੇ ਭਾਈ ਸਾਹਿਬ ਨੇ ਸੂਬਾ ਲਾਹੌਰ ਪਾਸ ਇਸ ਬੇਨਤੀ ਨੂੰ ਖਾਰਜ ਕਰਾਉਣ ਲਈ ਪਹੁੰਚ ਕੀਤੀ।ਸੂਬਾ ਲਾਹੌਰ ਜ਼ਕਰੀਆ ਖਾਨ ਨੇ ਇਸ ਪਾਬੰਦੀ ਨੂੰ ਹਟਾਉਣ ਬਦਲੇ ਪੰਜ ਹਜ਼ਾਰ ਰੁਪਏ ਅਦਾ ਕਰਨ ਦੀ ਸ਼ਰਤ ਰੱਖੀ ਸੀ।ਭਾਈ ਮਨੀ ਸਿੰਘ ਨੇ ਇਸ ਸ਼ਰਤ ਨੂੰ ਪ੍ਰਵਾਨ ਕਰਦਿਆਂ ਸਿੱਖ ਸੰਗਤ ਨੂੰ ਦੀਵਾਲੀ ਦਾ ਪੁਰਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਉਣ ਦੇ ਸੱਦਾ ਪੱਤਰ ਭੇਜ ਦਿੱਤੇ ਸਨ। ਸੂਬਾ ਲਾਹੌਰ ਜ਼ਕਰੀਆ ਖਾਨ ਵੱਲੋਂ ਦਿੱਤੀ ਇਹ ਪ੍ਰਵਾਨਗੀ ਸਿਰਫ ਇਸ ਕਰਕੇ ਦਿੱਤੀ ਗਈ ਸੀ ਤਾਂ ਜੋ ਧਾਰਮਿਕ ਪੁਰਬ ਤੇ ਪਹੁੰਚਣ ਵਾਲੇ ਸਿੱਖਾਂ ਦਾ ਕਤਲੇਆਮ ਕਰਨ ਦੀ ਯੁੱਧ ਨੀਤੀ ਦਾ ਇੱਕ ਦਾਅਪੇਚ ਸੀ।ਜਦੋਂ ਭਾਈ ਮਨੀ ਸਿੰਘ ਨੂੰ ਸੂਬਾ ਲਾਹੌਰ ਦੀ ਇਸ ਗੁਪਤ ਯੋਜਨਾ ਦੀ ਸੂਚਨਾ ਮਿਲੀ ਤਾਂ ਉਸ ਨੇ ਸਿੱਖ ਸੰਗਤਾਂ ਨੂੰ ਪੁਰਬ ਉਤੇ ਨਾ ਪਹੁੰਚਣ ਦਾ ਸੰਦੇਸ਼ ਭੇਜ ਦਿੱਤਾ ਸੀ।ਨਤੀਜੇ ਵਜੋਂ ਬਹੁਤ ਹੀ ਘੱਟ ਗਿਣਤੀ ਵਿੱਚ ਸਿੱਖ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਪਹੁੰਚੀਆਂ।ਸੰਗਤਾਂ ਦੀ ਘੱਟ ਗਿਣਤੀ ਦੇ ਸਿੱਟੇ ਵਜੋਂ ਚੜ੍ਹਤ ਦੇ ਰੂਪ ਵਿੱਚ ਇਕੱਤਰ ਹੋਣ ਵਾਲੇ ਧਨ ਦੀ ਰਾਸ਼ੀ ਵਿਚੋਂ ਜ਼ਕਰੀਆ ਖਾਨ ਵੱਲੋਂ ਮਿੱਥੀ ਰਕਮ ਅਦਾ ਨਹੀਂ ਸੀ ਕੀਤੀ ਜਾ ਸਕਦੀ। ਇਸ ਉਤੇ ਦੋਹਾਂ ਧਿਰਾਂ ਵਿੱਚ ਕਾਫੀ ਵਿਵਾਦ ਹੋਇਆ ਪਰ ਦੋਹਾਂ ਧਿਰਾਂ ਵੱਲੋਂ ਆਪਸੀ ਸਮਝੌਤਾ ਕਰ ਲਿਆ ਗਿਆ ਸੀ।ਆਉਂਦੀ ਵਿਸਾਖੀ ਨੂੰ ਧਾਰਮਿਕ ਪੁਰਬ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਗਈ ਕਿ ਚੜ੍ਹਤ ਵਿੱਚੋਂ ਸੂਬਾ ਲਾਹੌਰ ਨੂੰ ਮਿਥੀ ਰਕਮ ਅਦਾ ਕੀਤੀ ਜਾਵੇਗੀ ਪ੍ਰੰਤੂ ਸੂਬਾ ਲਾਹੌਰ ਨੇ ਇਹ ਪ੍ਰਵਾਨਗੀ ਵੀ ਆਪਣੀ ਕੋਜੀ ਸਾਜਿਸ਼ ਅਧੀਨ ਦਿੱਤੀ ਸੀ। ਸੂਬਾ ਲਾਹੌਰ ਦੀ ਮੰਸ਼ਾ ਸਿੱਖ ਕੌਮ ਦੇ ਕਤਲੇਆਮ ਦੀ ਸੀ। ਭਾਈ ਮਨੀ ਸਿੰਘ ਨੇ ਸਿੱਖਾਂ ਦੇ ਕਤਲੇਆਮ ਨੂੰ ਰੋਕਣ ਹਿਤ ਫੇਰ ਸੰਦੇਸ਼ ਭੇਜੇ ਪਰ ਇਸ ਦੇ ਬਾਵਜੂਦ ਕਾਫੀ ਸਿੰਘ ਸੰਦੇਸ਼ ਮਿਲਣ ਤੋਂ ਪਹਿਲਾਂ ਹੀ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਏ ਸਨ। ਸੂਬਾ ਲਾਹੌਰ ਨੇ ਲਖਪਤਿ ਰਾਏ ਦੀ ਕਮਾਨ ਹੇਠ ਫੌਜ ਭੇਜ ਕੇ ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲਾ ਕਰਵਾ ਦਿੱਤਾ ਸੀ। ਇਸ ਹਮਲੇ ਵਿੱਚ ਸਿੱਖਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਤੇ ਭਾਈ ਮਨੀ ਸਿੰਘ ਨੂੰ ਸਿੰਘਾਂ ਸਮੇਤ ਗ੍ਰਿਫਤਾਰ ਕਰਕੇ ਲਾਹੌਰ ਲਿਜਾਇਆ ਗਿਆ।

ਲਾਹੌਰ ਦੀ ਸ਼ਾਹੀ ਮੁਗਲ ਅਦਾਲਤ ਵੱਲੋਂ ਭਾਈ ਮਨੀ ਸਿੰਘ ਜੀ ਉੱਪਰ ਮਿੱਥੀ ਰਕਮ ਨਾ ਅਦਾ ਕਰਨ ਦਾ ਦੋਸ਼ ਲਗਾਇਆ ਗਿਆ।ਸਮੇਂ ਦੇ ਜਾਲਮ ਹਾਕਮਾਂ ਵੱਲੋਂ ਆਪ ਜੀ ਨੂੰ ਇਸਲਾਮ ਕਬੂਲ ਕਰਨ ਅਤੇ ਸਿੱਖੀ ਛੱਡਣ ਲਈ ਅਣਗਿਣਤ ਅਸਹਿ ਤੇ ਅਕਹਿ ਤਸੀਹੇ ਦਿੱਤੇ ਗਏ ਸਨ।ਜਦੋਂ ਜ਼ਾਲਮ ਹਾਕਮਾਂ ਦੀ ਵਾਹ ਪੇਸ਼ ਨਾ ਗਈ ਤਾਂ ਕਾਜੀ ਨੇ ਆਪ ਜੀ ਬੰਦ ਬੰਦ ਕੱਟ ਦੇਣ ਦੀ ਸਜ਼ਾ ਸੁਣਾਈ।ਸ਼ਹੀਦੀ ਸਮੇਂ ਵੀ ਭਾਈ ਮਨੀ ਸਿੰਘ ਨੇ ਜਲਾਦ ਨੂੰ ਸਰਕਾਰੀ ਹੁਕਮ ਦੀ ਸੰਪੂਰਨ ਪਾਲਣਾ ਲਈ ਪ੍ਰੇਰਿਆ।24 ਜੂਨ, 1734 ਈ. ਵਾਲੇ ਦਿਨ ਉਸ ਨੂੰ ਨਖਾਸ ਚੌਕ ਲਾਹੌਰ ਲੰਡੇ ਬਾਜ਼ਾਰ ਵਿਖੇ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ। ਭਾਈ ਮਨੀ ਸਿੰਘ ਦਾ ਸਸਕਾਰ ਭਾਈ ਸੁਬੇਗ ਸਿੰਘ ਆਦਿ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜ਼ਿਓਂ ਬਾਹਰ ਸ਼ਾਹੀ ਕਿਲ੍ਹੇ ਦੇ ਨਜ਼ਦੀਕ ਲਿਜਾ ਕੇ ਕੀਤਾ ਜਿਥੇ ਅੱਜ ਕੱਲ ਗੁਰਦੁਆਰਾ ਸ਼ਹੀਦ ਗੰਜ ਸੁਸ਼ੋਭਿਤ ਹੈ।

ਸਿੱਖ ਕੌਮ ਦੇ ਮਹਾਨ ਸ਼ਹੀਦਾਂ ਵਿੱਚ ਭਾਈ ਮਨੀ ਸਿੰਘ ਜੀ ਦਾ ਨਾਮ ਬੜੇ ਅਦਬ ਨਾਲ ਲਿਆ ਜਾਂਦਾ ਹੈ ਕਿਉਂਕਿ ਉਹਨਾਂ ਨੇ ਗੁਰੂ ਘਰ ਦੀ ਸੇਵਾ ਲਈ ਆਪਣੀ ਅਤੇ ਆਪਣੇ 11 ਭਰਾਵਾਂ ਦੀ ਸ਼ਹਾਦਤ ਦਿੱਤੀ।ਭਾਈ ਮਨੀ ਸਿੰਘ ਜੀ ਦੇ ਛੇ ਪੁੱਤਰਾਂ ਨੇ ਗੁਰੂ ਘਰ ਦੀ ਖਿਦਮਤ ਕਰਦਿਆਂ ਸ਼ਹੀਦੀ ਦਿੱਤੀ।ਸਿੱਖ ਕੌਮ ਦੇ ਪ੍ਰਸਿੱਧ ਇਤਿਹਾਸਕਾਰਾਂ ਅਨੁਸਾਰ ਭਾਈ ਮਨੀ ਸਿੰਘ ਜੀ ਦੇ ਪਰਿਵਾਰ ਦੇ 52 ਜੀਆਂ ਨੇ ਆਪਣਾ ਜੀਵਨ ਸਿੱਖ ਕੌਮ ਦੇ ਲੇਖੇ ਲਾਇਆ ਤੇ ਸ਼ਹਾਦਤ ਪ੍ਰਾਪਤ ਕੀਤੀ।

ਭੁੱਲ ਚੁੱਕ ਲਈ ਖਿਮਾ

## ਪੰਜਾਬ ਵਿੱਚ ਚੱਲ ਰਹੀ ਗੈਂਗਸਟਰਾਂ ਦੀ ਰੱਸਾ ਕਸੀ ਕਿੰਨਿਆਂ ਦਾ ਹੋਰ ਕਰੇਂਗੀ ਕਤਲ

ਪੰਜਾਬ ਪੰਜਾਂ ਪਾਣੀਆਂ ,ਗੁਰੂਆਂ ,ਪੀਰਾਂ ,ਪੈਗੰਬਰਾਂ ਦੀ ਧਰਤੀ, ਜਿੱਥੇ ਚੌਵੀ ਘੰਟੇ ਗੁਰਬਾਣੀ ਦਾ ਪ੍ਰਵਾਹ ਚਲਦਾ ਹੈ \ਜਿਸ ਧਰਤੀ ਤੇ ਕੋਈ ਭੁੱਖਾ ਨਹੀਂ ਸੌਂਦਾ, ਜਿਸ ਦੀ ਹਵਾ ਵਿੱਚ ਮਹਿਕ ,ਜਿਸ ਦੀ ਬੋਲੀ ਵਿੱਚ ਮਿਠਾਸ, ਜਿਸ ਥਾਂ ਤੇ ਕੋਈ ਜਾਤ ਪਾਤ ਦਾ ਭੇਦ ਭਾਵ ਨਹੀਂ, ਸਾਰਾ ਸੂਬਾ ਸੇਵਾ ਕਰਦਾ ਥੱਕਦਾ ਨਹੀਂ, ਬਾਹਰੋਂ ਆਏ ਮਹਿਮਾਨਾਂ ਨੂੰ ਅੱਖਾਂ ਦੀਆਂ ਪਲਕਾਂ ਤੇ ਬਿਠਾਉਣ ਵਾਲਾ ਪੰਜਾਬ, ਜਿਸ ਦੇ ਜੰਮਪਲ ਸਪੁੱਤਰ ਅੱਜ ਅੱਜ ਦੁਨੀਆਂ ਦੇ ਕੋਨੇ ਕੋਨੇ ਉਤੇ ਆਪਣੀ ਵੱਖਰੀ ਪਛਾਣ ਬਣਾ ਕੇ ਰਹਿ ਰਹੇ ਹਨ, ਦੁਨੀਆਂ ਵਿੱਚ ਕੋਈ ਵੀ ਆਫ਼ਤ ਆ ਜਾਵੇ, ਸਭ ਤੋਂ ਪਹਿਲਾਂ ਪਹੁੰਚ ਕੇ ਉਥੋਂ ਦੀ ਸਥਿੱਤੀ ਨੂੰ ਸੰਭਾਲਣ ਵਾਲੇ ਇੰਨਸਾਨ, ਅਦੁੱਤੀਆਂ ਮਿਸਾਲਾਂ ਕਾਇਮ ਕਰਨ ਵਾਲੇ ਮਰਜੀਵੜੇ ਜੋਧੇ ਪੰਜਾਬੀ, ਇਹੋ ਜਿਹੀ ਧਰਤੀ ਉਤੇ ਜੰਮੇ ਪਲੇ ਚੰਗੇ ਸੰਸਕਾਰਾਂ ਵਾਲੇ ਪੁੱਤ, ਅੱਜ ਕਿਹੜੇ ਰਾਹ ਉਤੇ ਤੁਰ ਪਏ ਨੇ ਕੋਈ ਸਮਝ ਨਹੀਂ ਆ ਰਹੀ, ਕਿਸ ਨੇ ਕੀ ਇਹੋ ਜਿਹੀ ਸਿੱਖਿਆ ਦੇ ਦਿਤੀ ਹੈ ਕਿ ਤੁਸੀਂ ਆਪਣਿਆਂ ਨੂੰ ਹੀ ਮਾਰ ਮੁਕਾਈ ਜਾਓ, ਕਦੇ ਸੋਚਿਆ ਏ ਕਿ ਕੌਣ ਮਰ ਰਿਹਾ ਹੈ ਕੌਣ ਮਾਰ ਰਿਹਾ ਹੈ, ਕੋਈ ਹੋਰ ਨਹੀਂ ਅਸੀਂ ਮਰ ਰਹੇ ਹਾਂ, ਸਾਡੇ ਭਰਾ ,ਸਾਡੇ ਪੁੱਤ ਸਾਡੇ ਬਜ਼ੁਰਗ ਤੇ ਸਾਡੀਆਂ ਮਾਵਾਂ ਭੈਣਾਂ, ਕਿਸ ਬਦਲੇ ਇੱਕ ਪੈਸੇ ਖਾਤਰ ਇੱਕ ਨਾਂਅ ਬਦਲੇ ਇੱਕ ਝੂਠੀ ਸ਼ੋਹਰਤ ਲਈ, ਕਿਸੇ ਨੂੰ ਤੁਸੀਂ ਮਾਰ ਰਹੇ ਹੋ ਕੋਈ ਤੁਹਾਨੂੰ ਮਾਰ ਰਿਹਾ ਹੈ, ਆਉਣ ਵਾਲੀਆਂ ਪੀੜ੍ਹੀਆਂ ਖ਼ਤਮ ਕਰਨ ਦਾ ਠੇਕਾ ਲੈ ਲਿਆ ਹੈ, ਜਿੰਦਗੀ ਇੱਕ ਵਾਰ ਮਿਲਦੀ ਹੈ ਦੁਬਾਰਾ ਨਹੀਂ, ਪਰ ਕਦੇ ਕਿਸੇ ਨੇ ਸੋਚਣ ਦੀ ਹਿੰਮਤ ਹੀ ਨਹੀਂ ਕੀਤੀ, ਅਸਲੇ ਨਾਲ ਕਦੇ ਕੋਈ ਮਸਲੇ ਹੱਲ ਹੁੰਦੇ ਵੇਖੇ ਨੇ, ਸਗੋਂ ਤਬਾਹੀ ਹੀ ਹੁੰਦੀ ਹੈ, ਹਥਿਆਰਾਂ ਦੇ ਸੌਂਕ ਤਬਾਹੀ ਵੱਲ ਪੰਜਾਬ ਨੂੰ ਲੈਕੇ ਜਾ ਰਹੇ ਹਨ, ਕਿਸੇ ਨੇ ਪੁੱਛਿਆ ਕਿ ਇੱਕ ਰਾਊਂਡ ਦਾ ਮੁੱਲ ਕਿੰਨਾ ਹੁੰਦਾ ਹੈ, ਇਹ ਕਿੰਨੀ ਦੂਰ ਤੱਕ ਮਾਰ ਕਰਦਾ ਹੈ, ਅਗੋਂ ਸਿਆਣੇ ਬਜ਼ੁਰਗ ਨੇ ਜਬਾਬ ਦਿੱਤਾ ਕਿ ਪੁੱਤਰ ਭਾਅ ਤਾਂ ਇਸ ਦਾ ਬਹੁਤ ਥੋੜ੍ਹਾ ਹੁੰਦਾ ਹੈ, ਪਰ ਇਸ ਦਾ ਭਾਰ ਕਈ ਪੀੜ੍ਹੀਆਂ ਨਹੀਂ ਲਾਹ ਸਕਦੀਆਂ, ਰਹੀ ਗੱਲ ਕਿ ਅੱਗੇ ਕਿੰਨੇ ਕੁ ਕਿਲੇ ਜਾਂਦੀ ਹੈ, ਅੱਗੇ ਤਾਂ ਭਾਵੇਂ ਦੋ ਤਿੰਨ ਕਿਲੇ ਹੀ ਜਾਂਦੀ ਹੈ, ਪਰ ਪਿੱਛੇ ਕਈ ਕਿਲੇ ਲੈ ਜਾਂਦੀ ਹੈ, ਜਿਹੜਾ ਇੰਨਸਾਨ ਕਦੇ ਸੋਚ ਵੀ ਨਹੀਂ ਸੱਕਦਾ, ਅੱਜ ਕੋਈ ਇਹੋ ਜਿਹਾ, ਦਿਨ ਨਹੀਂ ਚੜ੍ਹਦਾ ਹੋਣਾ ਜਿਸ ਦਿਨ ਗੈਂਗਸਟਰਾਂ ਦੀ ਆਪਸੀ ਝੜਪ ਨਾ ਹੁੰਦੀ ਹੋਵੇ, ਪਰਿਵਾਰਾਂ ਨੂੰ ਮਾਰ ਮਾਰ ਕੇ ਫਿਰ ਜੁਮੇਵਾਰੀਆਂ ਲੈਣੀਆਂ, ਇੱਕ ਦੂਜੇ ਨਾਲ ਫੇਸ ਬੁੱਕਾਂ ਉਤੇ ਉਲਝੀ ਜਾਣਾ, ਇਹ ਬਹੁਤ ਦੀ ਮੰਦਭਾਗੀ ਗੱਲ ਹੈ, ਅਗਰ ਮੁਕਾਬਲਾ ਕਰਨਾ ਹੀ ਹੈ ਤੇ ਕਰੋ ਜ਼ਰੂਰ ਕਰੋ, ਪਰ ਉਹ ਅਫਸਰ ਬਣਨ ਦਾ ,ਉਹ ਵਿਗਿਆਨੀ ਬਣਨ ਦਾ ਉਹ ਉਲੰਪਿਕ ਵਿੱਚ ਖੇਡਣ ਦਾ, ਅਗਰ ਨਿਸ਼ਾਨੇ ਹੀ ਲਾਉਣੇ ਨੇ ਤੇ ਉਹ ਮੈਡਲਾਂ ਉਤੇ ਲਾਓ, ਕਿਸੇ ਦੇ ਘਰ ਦੇ ਚਿਰਾਗ ਤੇ ਨਹੀਂ, ਅੱਜ ਕਿੰਨੀਆਂ ਮਾਵਾਂ ਵਿਲਕਦੀਆਂ ਫਿਰਦੀਆ ਨੇ ਆਪਣੇ ਪੁੱਤਰਾਂ ਨੂੰ ਇੰਨਸਾਫ ਦਿਵਾਉਣ ਲਈ, ਭੈਣਾਂ ਹੱਥਾਂ ਵਿੱਚ ਰੱਖੜੀਆਂ ਲੈ ਕੇ ਵਿਰਲਾਪ ਕਰਦੀਆਂ ਫਿਰਦੀਆਂ ਨੇ, ਕਈ ਭੈਣਾਂ ਸਿਹਰੇ ਖਰੀਦ ਕੇ ਰੋਂਦੀਆਂ ਫਿਰਦੀਆ ਨੇ, ਬਜ਼ੁਰਗ ਮਾਪੇ ਸਿਵਿਆਂ ਵਿੱਚ ਭੁੱਬਾਂ ਮਾਰਦੇ ਹੋਏ ਵੇਖੇ ਨਹੀਂ ਜਾਂਦੇ, ਕੀ ਮੇਰਾ ਉਹੀ ਰੰਗਲਾ ਪੰਜਾਬ ਆਪਣੀ ਉਸੇ ਲੀਹ ਉਤੇ ਆ ਜਾਵੇਂਗਾ, ਕੀ ਲੋਕ ਸਕੂਨ ਨਾਲ ਸ਼ਹਿਰ ਤੋਂ ਵਾਪਿਸ ਘਰ ਆ ਜਾਣਗੇ, ਕੋਈ ਨਹੀਂ ਕੁੱਟੇਗਾ ਕੋਈ ਨਹੀਂ ਲੁੱਟੇਗਾ ਕੀ ਗੁੱਟ ਬਾਜ਼ੀਆਂ ਮੁੱਕ ਜਾਣਗੀਆਂ, ਗੈਂਗ ਵਾਰ ਖ਼ਤਮ ਹੋ ਜਾਵੇਂਗਾ ਜਾਂ ਫਿਰ ਹਰ ਰੋਜ਼ ਕਤਲ ਹੁੰਦੇ ਰਹਿਣਗੇ, ਇਹਨਾਂ ਕਤਲਾਂ ਦਾ ਜੁੰਮੇਵਾਰ ਕੌਣ ਹੋਵੇਂਗਾ, ਹੁਣ ਇਹ ਸਵਾਲ ਹਰ ਪੰਜਾਬੀ ਦੇ ਮਨ ਵਿੱਚ ਉੱਠਦਾ ਹੈ ਪਰ, ਬੋਲ ਕੋਈ ਨਹੀਂ ਰਿਹਾ, ਹੋਰ ਕਿੰਨਾ ਚਿਰ ਸਮੁਚੇ ਪੰਜਾਬ ਨੂੰ ਚੱਕੀ ਦੇ ਪੁੜ੍ਹਾਂ ਵਿੱਚ ਪੀਸਦੇ ਰਹਿਣ ਵਾਸਤੇ ਮਜ਼ਬੂਰ ਹੋਣਾ ਪਵੇਗਾ, ਜਾਂ ਫਿਰ ਇਸੇ ਤਰਾਂ ਗੈਂਗਸਟਰਾਂ ਦੀ ਰੱਸਾ ਕਸੀ ਹੁੰਦੇ ਰਹਿਣਗੇ ਪੰਜਾਬੀਆਂ ਦੇ ਕਤਲ

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ 7589155501

## ਆਓ ਜਾਣੀਏ ਕੀ ਹੈ ਬਲੈਕ ਬਾਕਸ !

ਅਸੀਂ ਸਫ਼ਰ ਤਹਿ ਕਰਨ ਲਈ ਕਿਸੇ ਨਾ ਕਿਸੇ ਵਾਹਨ ਦੀ ਵਰਤੋਂ ਕਰਦੇ ਹਾਂ ਨੇੜੇ ਦਾ ਸਫ਼ਰ ਹੋਵੇ ਤਾਂ ਸਾਈਕਲ, ਮੋਟਰ ਸਾਈਕਲ ਆਦਿ ਜੇ ਦੂਰ ਦਾ ਸਫ਼ਰ ਤਹਿ ਕਰਨਾ ਹੋਵੇ ਕਾਰ, ਬੱਸ, ਰੇਲ ਆਦਿ ਤੇ ਦੇਸ਼ਾਂ ਵਿਦੇਸ਼ਾਂ ਦਾ ਸਫ਼ਰ ਤਹਿ ਕਰਨ ਲਈ ਹਵਾਈ ਜਹਾਜ ਰਾਹੀਂ ਯਾਤਰਾ ਕਰਦੇ ਹਾਂ।ਬੀਤੇ ਦਿਨੀ 12 ਜੂਨ ਨੂੰ ਹੋਈ ਨਾ ਭੁੱਲਣਯੋਗ ਹਵਾਈ ਜਹਾਜ਼ ਦੁਰਘਟਨਾ ਨੇ ਸਭ ਦੇ ਮਨਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਹਵਾਈ ਜਹਾਜ਼ ਜੋ ਕਿ ਅਹਿਮਦਾਬਾਦ ਤੋਂ ਇੰਗਲੈਂਡ ਲਈ ਉਡਾਣ ਭਰੀ ਅਤੇ ਕੁੱਝ ਹੀ ਪਲ ਵਿੱਚ ਕਰੈਸ਼ ਕਰ ਗਿਆ ਇਸ ਦੇ ਪਿੱਛੇ ਦਾ ਕਾਰਨ ਜਾਨਣ ਲਈ ਬਲੈਕ ਬਾਕਸ ਦੀ ਬਹੁਤ ਜਰੂਰਤ ਹੈ ਆਓ ਜਾਣਦੇ ਹਾਂ ਕੀ ਹੈ ਬਲੈਕ ਬਾਕਸ ? ਬਲੈਕ ਬਾਕਸ ਹਰ ਜਹਾਜ਼ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ ਤੇ ਜਿਸ ਵਿੱਚ ਉਡਾਣ ਦਾ ਸਾਰਾ ਡਾਟਾ ਦਰਜ ਹੁੰਦਾ ਹੈ।ਇਸ ਲਈ ਹਾਦਸੇ ਤੋਂ ਬਾਅਦ ਪਹਿਲਾਂ ਇਸ ਨੂੰ ਖੋਜਿਆਂ ਜਾਂਦਾ ਹੈ ਤਾਂ ਜੋ ਹਾਦਸੇ ਦਾ ਕਾਰਨ ਪਤਾ ਲੱਗ ਸਕੇ।ਬਲੈਕ ਬਾਕਸ ਦੀ ਖੋਜ ਅਸਟ ?ਰੇਲੀਆ ਦੇ ਵਿਗਿਆਨੀ ਡਾ ਡੇਵਿਡ ਵਾਰਨ ਨੇ 1950 ਈ ਵਿੱਚ ਕੀਤੀ ਸੀ।ਹਵਾਈ ਜਹਾਜ਼ ਵਿੱਚ ਵਰਤਿਆ ਜਾਣ ਵਾਲਾ ਬਲੈਕ ਬਾਕਸ ਅਸਲ ਵਿੱਚ ਚਮਕਦਾਰ ਸੰਤਰੀ ਰੰਗ ਦਾ ਬਣਾਇਆ ਜਾਂਦਾ ਹੈ ਪਰ ਤਕਨੀਕੀ ਕਾਰਨਾਂ ਕਰਕੇ ਇਸ ਨੂੰ ਬਲੈਕ ਬਾਕਸ ਨਾਮ ਦਿੱਤਾ ਗਿਆ ਹੈ।ਬਲੈਕ ਬਾਕਸ ਨੂੰ ਚਮਕਦਾਰ ਸੰਤਰੀ ਰੰਗ ਵਿਚ ਪੇਂਟ ਕਰਨ ਦਾ ਮੁੱਖ ਕਾਰਨ ਇਹ ਹੈ ਕਿ ਕਿਸੇ ਹਾਦਸੇ ਤੋਂ ਬਾਅਦ ਇਸ ਨੂੰ ਆਸਾਨੀ ਨਾਲ ਲੱਭਿਆ ਜਾ ਸਕੇ।ਜਹਾਜ਼ ਹਾਦਸੇ ਤੋਂ ਬਾਅਦ ਮਲਬੇ ਵਿੱਚ ਬਲੈਕ ਬਾਕਸ ਲੱਭਣਾ ਮੁਸ਼ਕਲ ਹੁੰਦਾ ਹੈ।ਸੰਤਰੀ ਰੰਗ ਆਸਾਨੀ ਨਾਲ ਦਿਖਾਈ ਦਿੰਦਾ ਹੈ।ਇਹ ਯੰਤਰ ਸਟੀਲ ਜਾਂ ਟਾਈਟੇਨੀਅਮ ਵਰਗੀਆਂ ਮਜ਼ਬੂਤ ਧਾਤਾਂ ਦੇ ਬਣੇ ਹੁੰਦੇ ਹਨ ਤੇ ਇਹ ਅੱਗ, ਪਾਣੀ ਅਤੇ ਭਾਰੀ ਦਬਾਅ ਦਾ ਸਾਹਮਣਾ ਕਰ ਸਕਦੇ ਹਨ।ਬਲੈਕ ਬਾਕਸ ਨੂੰ 11003 ਤੱਕ ਦੇ ਤਾਪਮਾਨ ਵਿੱਚ ਲਗਭਗ 60 ਮਿੰਟਾਂ ਲਈ ਬਚਣ ਲਈ ਤਿਆਰ ਕੀਤਾ ਗਿਆ ਹੈ। ਭਾਵੇਂ ਜਹਾਜ਼ ਸੜ ਜਾਵੇ, ਇਸ ਦਾ ਡੇਟਾ ਸੁਰੱਖਿਅਤ ਰਹਿੰਦਾ ਹੈ।ਬਲੈਕ ਬਾਕਸ ਵਿੱਚ ਇਕ ਬੀਕਨ ਹੈ, ਜੋ ਪਾਣੀ ਵਿਚ ਵੀ 30 ਦਿਨਾਂ ਲਈ ਸਿਗਨਲ ਭੇਜਦਾ ਰਹਿੰਦਾ ਹੈ।ਯੰਤਰ ਦਾ ਸੰਤਰੀ ਰੰਗ ਸਮੁੰਦਰ ਦੇ ਅੰਦਰ ਇਸ ਨੂੰ ਲੱਭਣ ਵਿਚ ਮਦਦ ਕਰਦਾ ਹੈ।ਬਲੈਕ ਬਾਕਸ ਦੇ ਦੋ ਮੁੱਖ ਹਿੱਸੇ ਹੁੰਦੇ ਹਨ।ਪਹਿਲਾ ਫਲਾਈਟ ਡੇਟਾ ਰਿਕਾਰਡਰ ਹੈ।ਜਿਸ ਨੂੰ FDR ਵਜੋਂ ਜਾਣਿਆ ਜਾਂਦਾ ਹੈ। ਇਹ ਉਡਾਣ ਨਾਲ ਸਬੰਧਤ ਤਕਨੀਕੀ ਜਾਣਕਾਰੀ ਰਿਕਾਰਡ ਕਰਦਾ ਹੈ। ਇਹ ਜਹਾਜ਼ ਦੀ ਗਤੀ, ਉਚਾਈ, ਦਿਸ਼ਾ, ਇੰਜਣ ਦੀ ਕਾਰਗੁਜ਼ਾਰੀ, ਜਹਾਜ਼ ਦੇ ਪਾਇਲਟ ਦੁਆਰਾ ਖੋਜੇ ਗਏ ਨਿਯੰਤਰਣ ਪੱਧਰਾਂ ਦੀ ਸਥਿਤੀ ਨੂੰ ਰਿਕਾਰਡ ਕਰਦਾ ਹੈ।ਬਲੈਕ ਬਾਕਸ ਦਾ ਦੂਜਾ ਹਿੱਸਾ ਕਾਕਪਿਟ ਵਾਇਸ ਰਿਕਾਰਡਰ ਹੈ। ਇਸ ਨੂੰ CVR ਵਜੋਂ ਜਾਣਿਆ ਜਾਂਦਾ ਹੈ। ਇਹ ਕਾਕਪਿਟ ਵਿਚ ਹੋਣ ਵਾਲੀਆਂ ਗੱਲਬਾਤਾਂ ਅਤੇ ਆਵਾਜ਼ਾਂ ਨੂੰ ਰਿਕਾਰਡ ਕਰਦਾ ਹੈ।ਇਹ ਪਾਇਲਟ ਵਿਚਕਾਰ ਗੱਲਬਾਤ ਨੂੰ ਰਿਕਾਰਡ ਕਰਦਾ ਹੈ।ਸੋ ਜੇਕਰ ਹਾਦਸੇ ਦਾ ਕਾਰਨ ਪਤਾ ਲੱਗ ਜਾਵੇ ਤਾਂ ਭਵਿੱਖ ਵਿੱਚ ਯਾਤਰਾ ਹੋਰ ਸੁਰੱਖਿਅਤ ਹੋ ਸਕਦੀ ਹੈ ਅਤੇ ਜਾਨੀ ’ਤੇ ਮਾਲੀ ਬਚਾ ਹੋ ਸਕਦਾ ਹੈ।




ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਦੀਪਕ ਗਾਂਧੀ
ਸੰਪਰਕ ਨੰਬਰ - 9855999733

## ਕਹਾਣੀ - ਸਮਾਂ

ਅੱਜ ਸਵੇਰੇ ਸਾਨੂੰ ਸਕੂਲ ਪਹੁੰਚਣ ਵਿੱਚ ਦੇਰ ਹੋ ਗਈ।ਜਦੋਂ ਅਸੀਂ ਸਕੂਲ ਪਹੁੰਚੇ ਤਾਂ ਸਵੇਰ ਦੀ ਸਭਾ ਚੱਲ ਰਹੀ ਸੀ। ਇਹ ਦੇਖ ਕੇ ਅਸੀਂ ਕਾਹਲੀ-ਕਾਹਲੀ ਆਪਣੇ ਬੈਗ ਆਪੋ- ਆਪਣੀਆਂ ਜਮਾਤਾਂ ਵਿੱਚ ਰੱਖ ਕੇ ਬਾਹਰ ਆ ਗਏ। ਡੀ.ਪੀ.ਈ. ਸਰ ਨੇ ਸਾਨੂੰ ਇੱਕ ਪਾਸੇ ਖੜ੍ਹੇ ਕਰ ਲਿਆ, ਜਿਥੇ ਦੇਰੀ ਨਾਲ ਆਉਣ ਵਾਲੇ ਹੋਰ ਬੱਚੇ ਵੀ ਖੜ੍ਹੇ ਸਨ।ਅਸੀਂ ਸਾਰੇ ਅੰਦਰੋਂ-ਅੰਦਰ ਡਰ ਰਹੇ ਸੀ ਕਿ ਅੱਜ ਜ਼ਰੂਰ ਝਿੜਕਾਂ ਪੈਣਗੀਆਂ। ਬੱਚਿਆਂ ਦੇ ਖਬਰਾਂ ਬੋਲਣ ਤੋਂ ਬਾਅਦ ਸਾਡੇ ਪੰਜਾਬੀ ਦੇ ਅਧਿਆਪਕ ਹੰਸ ਕਲੇਰ ਜੀ ਭਾਸ਼ਣ ਦੇਣ ਲਈ ਸਟੇਜ ਤੇ ਆਏ, ਉਨਾਂ ਨੇ ਭਾਈ ਵੀਰ ਸਿੰਘ ਦੀਆਂ ਤੁਕਾਂ ਬੋਲਦੇ ਹੋਏ ਕਿਹਾ,

ਹੋ। ਅਜੇ ਸੰਭਾਲ ਇਸ ਸਮੇਂ ਨੂੰ,
ਕਰ ਸਫਲ ਉਡੰਦਾ ਜਾਂਵਦਾ,
ਇਹ ਠਹਿਰਨ ਜਾਂਚ ਨਾ ਜਾਣਦਾ,
ਲੰਘ ਗਿਆ ਨਾ ਮੁੜਕੇ ਆਂਵਦਾ ।

ਪਿਆਰੇ ਬੱਚਿਓ ਸਾਨੂੰ ਸਭ ਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ ਕਿਉਂਕਿ ਸਮਾਂ ਬਹੁਤ ਕੀਮਤੀ ਹੈ। ਜਿਹੜਾ ਸਮਾਂ ਇੱਕ ਵਾਰੀ ਲੰਘ ਗਿਆ, ਉਹ ਮੁੜਕੇ ਵਾਪਸ ਨਹੀਂ ਆਉਂਦਾ ਅਤੇ ਨਾ ਹੀ ਉਸਨੂੰ ਕਿਸੇ ਤਰਾਂ ਰੋਕਿਆ ਜਾ ਸਕਦਾ ਹੈ ਕਿਉਂਕਿ ਸਮੇਂ ਨੂੰ ਰੁਕਣ ਦੀ ਜਾਂਚ ਨਹੀਂ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਆਪਣੇ ਵਰਤਮਾਨ ਸਮੇਂ ਨੂੰ ਜਿਹੜਾ ਕਿ ਸਾਡੇ ਹੱਥ ਵਿੱਚ ਹੈ ਚੰਗੇ ਕੰਮ ਕਰਕੇ ਸਫਲ ਕਰਨਾ ਚਾਹੀਦਾ ਹੈ।ਸਰ ਦੇ ਭਾਸ਼ਣ ਤੋਂ ਬਾਅਦ ਅਸੀਂ ਸਾਰੇ ਬੱਚਿਆਂ ਨੇ ਪ੍ਰਣ ਕੀਤਾ ਕਿ ਅੱਗੇ ਤੋਂ ਕਦੇ ਵੀ ਦੇਰੀ ਨਾਲ ਸਕੂਲ ਨਹੀਂ ਆਵਾਂਗੇ। ਫਿਰ ਅਸੀਂ ਲਾਈਨ ਬਣਾਕੇ ਆਪੋ-ਆਪਣੀਆਂ ਜਮਾਤਾਂ ਵਿੱਚ ਚਲੇ ਗਏ।

**ਮਾਸਟਰ ਹੰਸ ਕਲੇਰ**
9530570638

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 311

Website: www.preetnama.com Email preetnamausa@gmail.com

11 JULY TO 17 JULY ,2025




# ਜ਼ਿੰਦਗੀ ਜਿਊਣਾ ਇੱਕ ਕਲਾ ਹੈ



**ਆਪਾਂ ਆਮ ਹੀ ਦੁਨੀਆਂ ਵਿੱਚ ਵਿਚਰਦੇ ਹੋਏ ਵੇਖਦੇ ਹਾਂ ਕਿ ਕਈ ਲੋਕਾਂ ਕੋਲ ਸਭ ਕੁਝ ਹੁੰਦਿਆਂ ਵੀ ਝੁਰਦੇ ਰਹਿੰਦੇ ਹਨ ਅਤੇ ਕਈਆਂ ਕੋਲ ਦੋ ਵਕਤ ਦੀ ਰੋਟੀ ਦੇ ਹੀ ਸਾਧਨ ਹੋਣ ਉਹ ਰਾਜਿਆਂ ਵਾਂਗ ਹੱਸ ਕੇ ਬਾਹਵਾਂ ਖਿਲਾਰ ਕੇ ਸਭ ਨੂੰ ਮਿਲ ?ਦੇ ਹਨ ।ਇਹੀ ਤਾਂ ਜ਼ਿੰਦਗੀ ਜਿਊਣ ਦਾ ਸਲੀਕਾ ਹੁੰਦਾ ਹੈ। ਝੁਰਨ ਵਾਲੇ ਲੋਕ ਅਕਸਰ ਆਪਣੀਆਂ ਖੁਸ਼ੀਆਂ ਦਾ ਆਨੰਦ ਮਾਣਨ ਦੀ ਬਜਾਏ ਦੂਜਿਆਂ ਦੀ ਤਰੱਕੀ ਨੂੰ ਵੇਖ ਵੇਖ ਕੇ ਸੜਦੇ ਖਿਝਦੇ ਰਹਿੰਦੇ ਹਨ। ਇਹੋ ਜਿਹੇ ਲੋਕ ਇਸ ਗੱਲੋਂ ਅਣਜਾਣ ਹੁੰਦੇ ਹਨ ਕਿ ਉਹ ਆਪਣਾ ਹੀ ਕਿੰਨਾ ਵੱਡਾ ਨੁਕਸਾਨ ਕਰ ਰਹੇ ਹਨ ।ਇਹ ਮਨੁੱਖੀ ਜ਼ਿੰਦਗੀ ਪਰਮਾਤਮਾ ਵੱਲੋਂ ਬਖ਼ਸ਼ਿਆ ਹੋਇਆ ਇੱਕ ਬੇਸ਼ੁਮਾਰ ਕੀਮਤੀ ਤੋਹਫ਼ਾ ਹੈ ।**

ਜ਼ਿੰਦਗੀ ਬਹੁਤ ਅਨਮੋਲ ਹੈ ਤੇ ਜ਼ਿੰਦਗੀ ਜਿਊਣਾ ਇੱਕ ਕਲਾ ਹੈ ।ਜ਼ਿੰਦਗੀ ਜਿਊਣ ਲਈ ਜ਼ਿੰਦਾਦਿਲ ਹੋਣਾ ਬਹੁਤ ਜ਼ਰੂਰੀ ਹੈ ਇਸ ਲਈ ਜੇ ਜ਼ਿੰਦਗੀ ਸੋਹਣੇ ਢੰਗ ਨਾਲ ਜਿਊਣੀ ਹੈ ਤਾਂ ਪਹਿਲਾਂ ਦਿਲ ਨੂੰ ਜਿਊਂਦਾ ਰੱਖਣਾ ਜ਼ਰੂਰੀ ਹੈ। ਦਿਲ ਨੂੰ ਜਿਊਂਦਾ ਰੱਖਣ ਤੋਂ ਭਾਵ ਇਸ ਅੰਦਰ ਹੌਸਲੇ ਵਾਲੀ ਤਾਰ ਤੋਂ ਰਾਗ ਛੇੜਦੇ ਰਹਿਣਾ ਪਵੇਗਾ। ਦੂਜਿਆਂ ਦੇ ਦਿੱਤੇ ਹੌਸਲੇ ਤਾਂ ਮਲ੍ਹਮ ਲਾਉਣ ਦਾ ਕੰਮ ਹੀ ਕਰ ਸਕਦੇ ਹਨ ਪਰ ਅੰਦਰੋਂ ਉੱਠੇ ਹੌਸਲੇ ਜਿਗਰਿਆਂ ਨੂੰ ਫ਼ੌਲਾਦੀ ਤਾਕਤ ਬਖਸ਼ਦੇ ਹਨ। ਕਿਸੇ ਦਾ ਦਿੱਤਾ ਹੋਇਆ ਹੌਸਲਾ ਤਾਂ ਹੀ ਕਿਸੇ ਟੁੱਟਦੇ ਹੋਏ ਦਿਲ ਨੂੰ ਧਰਵਾਸ ਦੇ ਸਕਦਾ ਹੈ, ਜੇ ਉਸ ਦੇ ਆਪਣੇ ਅੰਦਰ ਜ਼ਿੰਦਗੀ ਜਿਊਣ ਦੀ ਚਾਹਤ ਹੋਵੇ। ਜ਼ਿੰਦਗੀ ਨੂੰ ਕਦੇ ਵੀ ਆਪਣੇ ਅੰਦਰ ਉਮੰਗ ,ਚਾਅ ਪੈਦਾ ਕੀਤੇ ਬਿਨਾਂ ਨਹੀਂ ਸੰਵਾਰਿਆ ਜਾ ਸਕਦਾ ।ਹਰ ਵੇਲੇ ਮਰੂੰ ਮਰੂੰ ਕਰਨ ਵਾਲੇ ਲੋਕ ਅਕਸਰ ਬੁਝੇ ਬੁਝੇ ਜਿਹੇ ਰਹਿੰਦੇ ਹਨ। ਇਹੋ ਜਿਹੇ ਲੋਕ ਨਾ ਤਾਂ ਆਪ ਖ਼ੁਸ਼ ਰਹਿ ਸਕਦੇ ਹਨ ਤੇ ਨਾ ਹੀ ਆਪਣਿਆਂ ਨੂੰ ਕੋਈ ਖੁਸ਼ੀ ਦੇ ਸਕਦੇ ਹਨ। ਇਸ ਤਰ੍ਹਾਂ ਮਨੁੱਖ ਜ਼ਿੰਦਗੀ ਬਸ਼ਰ ਤਾਂ ਕਰ ਲੈਂਦਾ ਹੈ ਪਰ ਉਸ ਅੰਦਰ ਕੋਈ ਉਮੰਗ ਚਾਅ ਪੈਦਾ ਨਹੀਂ ਹੋ ਸਕਦੇ। ਅਸਲ ਵਿੱਚ ਬੁਝੇ-ਬੁਝੇ ਰਹਿਣ ਦਾ ਕਾਰਨ ਆਪਣੇ ਆਲ ? ਦੁਆਲ ? ਦਾ ਪ੍ਰਭਾਵ ਆਪਣੇ ਉੱਪਰ ਜ਼ਿਆਦਾ ਰੱਖਣਾ। ਦੂਜਿਆਂ ਦੀ ਤਰੱਕੀ ਵੇਖ ਕੇ, ਖੁਸ਼ੀ ਵੇਖ ਕੇ ਜਾਂ ਕਿਸੇ ਦੀ ਔਲਾਦ ਦੀ ਤਰੱਕੀ ਨੂੰ ਵੇਖ ਕੇ ਅੰਦਰੋ ਅੰਦਰੀ ਝੂਰੀ ਜਾਣਾ ਤੇ ਆਪਣਿਆਂ ਨੂੰ ਉਹਨਾਂ ਦੇ ਮਿਹਣੇ ਮਾਰ ਮਾਰ ਕੇ ਸੂਲ ?ੀ ਤੇ ਟੰਗੀ ਰੱਖਣਾ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ,ਘਰ ਜਾਂ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਦਿਲ ਦਿਮਾਗ ਉੱਪਰ ਅਸਰ ਪਾਉਂਦੀਆਂ ਹਨ ,ਇਹ ਸੁਭਾਵਕ ਹੀ ਹੈ ਪਰ ਉਹ ਪ੍ਰਭਾਵ ਓਨਾਂ ਹੀ ਪਾਓ ਜਿੰਨੇ ਨਾਲ ਤੁਹਾਡੀ ਮਾਨਸਿਕ ਅਤੇ ਸਰੀਰਕ ਅਵਸਥਾ ਵਿੱਚ ਵਿਗਾੜ ਨਾ ਪੈਦਾ ਹੋਵੇ। ਜੇ ਤੁਸੀਂ ਕਿਸੇ ਤੋਂ ਸਤਿਕਾਰ ਚਾਹੁੰਦੇ ਹੋ ਤਾਂ ਪਹਿਲਾਂ ਖ਼ੁਦ ਨੂੰ ਪਿਆਰ ਕਰਨਾ ਸਿੱਖੋ ਖ਼ੁਦ ਨੂੰ ਪਿਆਰ ਕੀਤਿਆਂ ਹੀ ਸਵੈ ਵਿਸ਼ਵਾਸ਼ ਪੈਦਾ ਹੋ ਸਕਦਾ ਹੈ,ਸਵੈ ਵਿਸ਼ਵਾਸ਼ ਪੈਦਾ ਹੋਣ ਨਾਲ ਹੀ ਜ਼ਿੰਦਗੀ ਪਿਆਰੀ ਲੱਗ ਸਕੇਗੀ ਅਤੇ ਹਿਰਦਾ ਵਿਸ਼ਾਲ ਹੋ ਜਾਵੇਗਾ। ਫਿਰ ਕਿਸੇ ਦੀਆਂ ਖ਼ੁਸ਼ੀਆਂ ਵੀ ਆਪਣੀਆਂ ਜਾਪਣ ਲੱਗ ਜਾਣਗੀਆਂ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ ...
9988901324

ਆਪਾਂ ਆਮ ਹੀ ਦੁਨੀਆਂ ਵਿੱਚ ਵਿਚਰਦੇ ਹੋਏ ਵੇਖਦੇ ਹਾਂ ਕਿ ਕਈ ਲੋਕਾਂ ਕੋਲ ਸਭ ਕੁਝ ਹੁੰਦਿਆਂ ਵੀ ਝੁਰਦੇ ਰਹਿੰਦੇ ਹਨ ਅਤੇ ਕਈਆਂ ਕੋਲ ਦੋ ਵਕਤ ਦੀ ਰੋਟੀ ਦੇ ਹੀ ਸਾਧਨ ਹੋਣ ਉਹ ਰਾਜਿਆਂ ਵਾਂਗ ਹੱਸ ਕੇ ਬਾਹਵਾਂ ਖਿਲਾਰ ਕੇ ਸਭ ਨੂੰ ਮਿਲ ?ਦੇ ਹਨ ।ਇਹੀ ਤਾਂ ਜ਼ਿੰਦਗੀ ਜਿਊਣ ਦਾ ਸਲੀਕਾ ਹੁੰਦਾ ਹੈ। ਝੁਰਨ ਵਾਲੇ ਲੋਕ ਅਕਸਰ ਆਪਣੀਆਂ ਖੁਸ਼ੀਆਂ ਦਾ ਆਨੰਦ ਮਾਣਨ ਦੀ ਬਜਾਏ ਦੂਜਿਆਂ ਦੀ ਤਰੱਕੀ ਨੂੰ ਵੇਖ ਵੇਖ ਕੇ ਸੜਦੇ ਖਿਝਦੇ ਰਹਿੰਦੇ ਹਨ। ਇਹੋ ਜਿਹੇ ਲੋਕ ਇਸ ਗੱਲੋਂ ਅਣਜਾਣ ਹੁੰਦੇ ਹਨ ਕਿ ਉਹ ਆਪਣਾ ਹੀ ਕਿੰਨਾ ਵੱਡਾ ਨੁਕਸਾਨ ਕਰ ਰਹੇ ਹਨ ।ਇਹ ਮਨੁੱਖੀ ਜ਼ਿੰਦਗੀ ਪਰਮਾਤਮਾ ਵੱਲੋਂ ਬਖ਼ਸ਼ਿਆ ਹੋਇਆ ਇੱਕ ਬੇਸ਼ੁਮਾਰ ਕੀਮਤੀ ਤੋਹਫ਼ਾ ਹੈ । ਇਸ ਨੂੰ ਕਦੇ ਅਜਾਈਂ ਨਹੀਂ ਗਵਾਉਣਾ ਚਾਹੀਦਾ। ਅਜੋਕੇ ਸਮੇਂ ਵਿੱਚ ਮਨੁੱਖ ਪਦਾਰਥਵਾਦੀ ਸੋਚ ਦਾ ਧਾਰਨੀ ਬਣ ਚੁੱਕਿਆ ਹੈ। ਸਿਆਣਿਆਂ ਦੇ ਕਹੇ ਅਨੁਸਾਰ ਚਾਦਰ ਵੇਖ ਕੇ ਪੈਰ ਪਸਾਰਨ ਵਾਲ ?ੀ ਕਹਾਵਤ ਨੂੰ ਠੁਕਰਾ ਕੇ ਦੂਜਿਆਂ ਦਾ ਮੁਕਾਬਲਾ ਕਰਨ ਲਈ ਕਰਜ਼ ਚੁੱਕ ਕੇ ਜਾਂ ਹੋਰ ਵਿੰਗੇ ਟੇਡੇ ਤਰੀਕੇ ਅਪਣਾ ਕੇ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਮੁਸੀਬਤ ਵਿੱਚ ਪਾਉਂਦਾ ਹੈ। ਜਿਸ ਦੇ ਸਿੱਟੇ ਕੀ ਵਾਰ ਬਹੁਤ ਘਾਤਕ ਸਿੱਧ ਹੁੰਦੇ ਹਨ। ਕੁਦਰਤ ਦੇ ਨਿਯਮਾਂ ਅਨੁਸਾਰ ਦਿਨ ਅਤੇ ਰਾਤ ਬਣਦੇ ਹਨ,ਗਰਮੀ ਅਤੇ ਸਰਦੀ, ਪੱਤਝੜ ਤੇ ਬਹਾਰ ਆਉਂਦੇ ਹਨ ਉਸੇ ਤਰ੍ਹਾਂ ਜ਼ਿੰਦਗੀ ਵਿੱਚ ਜੇ ਦੁੱਖ, ਨਾਕਾਮਯਾਬੀ ਅਤੇ ਅਸਫ਼ਲਤਾ ਆਉਂਦੇ ਹਨ ਤਾਂ ਉਸ ਨੂੰ ਖਿੜੇ ਮੱਥੇ ਸਵੀਕਾਰ ਕਰੋ ਕਿਉਂਕਿ ਜੇ ਰਾਤ ਆਈ ਹੈ ਤਾਂ ਸਵੇਰ ਦਾ ਆਉਣਾ ਨਿਸ਼ਚਿਤ ਹੁੰਦਾ ਹੈ। ਜੇਕਰ ਜ਼ਿੰਦਗੀ ਦੀ ਤੁਸੀਂ ਕਦਰ ਕਰੋਗੇ ਤਾਂ ਜ਼ਿੰਦਗੀ ਤੁਹਾਡੀ ਕਦਰ ਕਰੇਗੀ। ਅਸੀਂ ਕੁਦਰਤ ਨੂੰ ਜੋ ਦਿੰਦੇ ਹਾਂ ਉਹ ਸਾਨੂੰ ਕਈ ਗੁਣਾ ਕਰਕੇ ਵਾਪਸ ਕਰਦੀ ਹੈ। ਉਦਾਹਰਣ ਦੇ ਤੌਰ ਤੇ ਜੇ ਅਸੀਂ ਇੱਕ ਬੀਜ ਬੀਜਦੇ ਹਾਂ ਤਾਂ ਉਹ ਸਾਨੂੰ ਕਈ ਗੁਣਾ ਵਾਧਾ ਕਰਕੇ ਵਾਪਸ ਕਰਦੀ ਹੈ ।ਇਹੀ ਉਸ ਦਾ ਹਰ ਗੱਲ ਵਿੱਚ ਅਸੂਲ ਹੈ ।ਜੇ ਦੂਜਿਆਂ ਦੀ ਖੁਸ਼ੀ ਨੂੰ ਦੇਖ ਕੇ ਹਉਕਾ ਲਵੋਗੇ ਤਾਂ ਉਹੀ ਨਕਾਰਤਮਿਕਤਾ ਨਾਲ ਤੁਹਾਡੀ ਝੋਲੀ ਭਰਦੀ ਜਾਵੇਗੀ ,ਇਸ ਤੋਂ ਉਲਟ ਜੇ ? ਤੁਸੀਂ ਦੂਜਿਆਂ ਦੀ ਖੁਸ਼ੀ ਨੂੰ ਦੇਖ ਕੇ ਸੱਚੇ ਦਿਲੋਂ ਖੁਸ਼ ਹੁੰਦੇ ਜਾਵੋਗੇ ਤਾਂ ਤੁਹਾਡੀਆਂ ਝੋਲੀਆਂ ਵੀ ਰੱਬ ਖੁਸ਼ੀਆਂ ਨਾਲ ਭਰ ਦੇਵੇਗਾ ।ਇਹੀ ਅਸੂਲ ਸਫ਼ਲਤਾਵਾਂ ਅਤੇ ਜਿੱਤਾਂ ਤੇ ਲਾਗੂ ਹੁੰਦਾ ਹੈ ।ਇਸ ਲਈ ਜੇ ਤੁਸੀਂ ਜ਼ਿੰਦਗੀ ਦਾ ਅਸਲੀ ਆਨੰਦ ਮਾਣਨਾ ਚਾਹੁੰਦੇ ਹੋ ਤਾਂ ਆਪਣੇ ਹਿਰਦੇ ਨਿਰਮਲ ਜਲ ਵਾਂਗੂੰ ਸਾਫ਼ ਰੱਖ ਕੇ ਆਪਣੀ ਸੋਚ ਨੂੰ ਸਾਫ਼ ਸੁਥਰੀ ਬਣਾ ਕੇ ,ਆਨੰਦ ਮਾਣਦੇ ਹੋਏ, ਠਾਠਾਂ ਮਾਰਦੇ ਦਰਿਆ ਵਾਂਗ ਅੱਗੇ ਵਧਦੇ ਜਾਓ। ਫਿਰ ਦੇਖਿਓ ਤੁਹਾਡੀ ਜ਼ਿੰਦਗੀ ਵਿੱਚ ਆਈਆਂ ਮੁਸੀਬਤਾਂ ਕਿਵੇਂ ਪਾਣੀ ਦੀਆਂ ਛੱਲਾਂ ਵਿੱਚ ਰੁੜ੍ਹਦੇ ਤਿਣਕਿਆਂ ਜਿੰਨੀਆਂ ਹੀ ਰਹਿ ਜਾਣਗੀਆਂ। ਇਸ ਲਈ ਜ਼ਿੰਦਗੀ ਨੂੰ ਮੁੱਲਵਾਨ ਬਣਾਉਣ ਲਈ ਇਸ ਨੂੰ ਕਰਤੇ ਦੇ ਨਿਯਮਾਂ ਅਨੁਸਾਰ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਹਾਥੀ ਦੀ ਮਸਤ ਤੋਰ ਵਧਦੇ ਜਾਓ,ਅੱਗੇ ਵਧਿਆਂ ਹੀ ਮੰਜ਼ਿਲਾਂ ਸਰ ਹੁੰਦੀਆਂ ਨੇ, ਰਾਹਾਂ ਵਿੱਚ ਖੜ੍ਹੇ ਹੋ ਕੇ ਐਧਰ ਓਧਰ ਦੇਖਣ ਨਾਲ ਪਤਾ ਵੀ ਨਹੀਂ ਲੱਗਦਾ ਕਦੋਂ ਹਨੇਰੇ ਦਸਤਕ ਦੇਣ ਲੱਗਦੇ ਹਨ ।ਇਸ ਲਈ ਵਿਸ਼ਾਲ ਹਿਰਦਿਆਂ ਦੇ ਧਾਰਨੀ ਬਣ ਕੇ, ਜ਼ਿੰਦਗੀ ਦੇ ਪੰਧ ਸ਼ਿੰਗਾਰਦੇ ਹੋਏ ਵਧਦੇ ਜਾਣਾ ਹੀ ਜੀਵਨ ਹੈ। ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ ਜ਼ਿੰਦਗੀ ਜ਼ਿੰਦਾਦਿਲੀ ਦਾ ਨਾਂ ਹੈ।

# ਆਖ਼ਰੀ ਸਫ਼ਰ

ਦਿੱਲੀ ਰੇਲਵੇ ਸਟੇਸ਼ਨ ਤੇ ਆਂਧਰਾ ਪ੍ਰਦੇਸ਼ ਐਕਸਪ੍ਰੈੱਸ ਲੱਗ ਚੁੱਕੀ ਸੀ ।ਪਲੇਟਫ਼ਾਰਮ ’ਤੇ ਉਹੀ ਵੀਹ ਸਾਲ ਪਹਿਲਾਂ ਵਾਲੀ ਭੱਜ ਦੌੜ। ਕੋਈ ਬੈਗ ਚੁੱਕੀ ਗੱਡੀ ਚੜ੍ਹਨ ਲਈ ਭੱਜਿਆ ਜਾ ਰਿਹਾ ਸੀ ਤੇ ਕੋਈ ਸੂਟਕੇਸ ਚੁੱਕੀ ਉੱਤਰਨ ਲਈ ਕਾਹਲਾ ਸੀ ।ਪਰ ਅੱਜ ਕੰਵਰ ਬਿਲਕੁਲ ਆਰਾਮ ਨਾਲ ਆਪਣਾ ਸਾਮਾਨ ਲੈ ਕੇ ਆਪਣੀ ਰਿਜ਼ਰਵੇਸ਼ਨ ਵਾਲੀ ਸੀਟ ਵੱਲ ਜਾ ਰਿਹਾ ਸੀ ।ਗੱਡੀ ਚੱਲਣ ਤੋਂ ਦਸ ਕੁ ਮਿੰਟ ਪਹਿਲਾਂ ਕੰਵਰ ਆਪਣੀ ਸੀਟ ’ਤੇ ਬੈਠ ਗਿਆ ਸੀ ।ਸ਼ਾਮੀ ਛੇ ਕੁ ਵਜੇ ਗੱਡੀ ਚੱਲਕੇ ਹੁਣ ਰਫ਼ਤਾਰ ਫੜ ਚੁੱਕੀ ਸੀ । ਖਿੜਕੀ ਵਿੱਚੋਂ ਦੀ ਬਾਹਰ ਤੱਕਦਿਆਂ ਠੰਢੀ ਹਵਾ ਦੇ ਝੋਕੇ ਲੈਂਦਿਆਂ ਕੰਵਰ ਦੇ ਦਿਮਾਗ ’ਚ ਪੰਦਰਾਂ ਵੀਹ ਸਾਲ ਪਹਿਲਾਂ ਦੀ ਰੀਲ੍ਹ ਘੁੰਮਣ ਲੱਗੀ । ਹੈਦਰਾਬਾਦ ਪੜ੍ਹਦੇ ਹੁੰਦਿਆਂ ਕੰਵਰ ਹੋਰੀਂ ਇਕੱਠੇ ਦਸ ਵੀਹ ਜਣੇ ਗਰੁੱਪ ’ਚ ਹਰ ਛੇ ਮਹੀਨੇ ਬਾਅਦ ਛੁੱਟੀਆਂ ਵਿੱਚ ਪੰਜਾਬ ਆਉਂਦੇ ਹੁੰਦੇ ਸੀ ।ਕਦੇ ਸੀਟ ਰਿਜ਼ਰਵ ਹੋਣੀ ਤੇ ਕਦੇ ਜਨਰਲ ਡੱਬੇ ਵਿੱਚ ਹੀ ਸਾਰੇ ਰਸਤੇ ਸੀਟਾਂ ਲਈ ਧੱਕੇ ਮੁੱਕੀ ਹੁੰਦੇ ਰਹਿੰਦੇ ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਅਮਰਬੀਰ ਸਿੰਘ ਚੀਮਾ
ਮੋਬਾਈਲ 98889-40211

ਅੱਜ ਏਨੇ ਸਾਲਾਂ ਬਾਅਦ ਕੰਵਰ ਆਪਣੀ ਕੰਪਨੀ ਵੱਲੋਂ ਪਹਿਲੇ ਦਫ਼ਤਰੀ ਟੂਰ ’ਤੇ ਹੈਦਰਾਬਾਦ ਜਾ ਰਿਹਾ ਸੀ ।ਨਾ ਕਿਸੇ ਨਾਲ ਸੀਟਾਂ ਦੀ ਲੜਾਈ ਤੇ ਨਾ ਹੀ ਦੋਸਤਾਂ ਦਾ ਕੋਈ ਸ਼ੋਰ ਸ਼ਰਾਬਾ। ਕੰਵਰ ਆਪਣੇ ਡੱਬੇ ਵਾਲੇ ਕੈਬਿਨ ਵਿੱਚ ਇਕੱਲਾ ਹੀ ਪੁਰਾਣੀਆਂ ਯਾਦਾਂ ’ਚ ਡੁੱਬਿਆ ਹੋਇਆ ਖ਼ਾਮੋਸ਼ ਬੈਠਾ ਸੀ । ਗੱਡੀ ਠੰਢ ਅਤੇ ਹਨੇਰੇ ’ਚ ਛੂਕਦੀ ਹੋਈ ਖ਼ਾਮੋਸ਼ੀ ਨੂੰ ਤੋੜ ਰਹੀ ਸੀ ।ਕੰਵਰ ਸੋਚ ਰਿਹਾ ਸੀ ਕਿ ਉਸ ਨੇ ਕਿੰਨੀਆਂ ਠੰਢੀਆਂ ਰਾਤਾਂ ਦੀ ਕੜਾਕੇ ਦੀ ਠੰਢ ਅਤੇ ਕਿੰਨੇ ਹੀ ਤਪਦੇ ਦੁਪਹਿਰੇ ਏਸੇ ਗੱਡੀ ਵਿੱਚ ਹੰਢਾਏ ਸਨ ।ਉਦੋਂ ਕਿਵੇਂ ਸ਼ੌਕ ਤੇ ਜੋਸ਼ ਨਾਲ ਰਸਤੇ ਵਿੱਚ ਹਰ ਸਟੇਸ਼ਨ ’ਤੇ ਗੱਡੀ ਰੁਕਣ ਤੋਂ ਪਹਿਲਾਂ ਹੀ ਉੱਤਰ ਜਾਣਾ ਤੇ ਚੱਲਣ ਤੋਂ ਬਾਅਦ ਹੀ ਗੱਡੀ ਵਿੱਚ ਚੜ੍ਹਨਾ।

ਸਾਹਮਣੇ ਬਰਥ ’ਤੇ ਅਚਾਨਕ ਬੈਗ ਰੱਖਣ ਦੀ ਆਵਾਜ਼ ਨਾਲ ਕੰਵਰ ਦੀ ਸੋਚਾਂ ਦੀ ਲੜੀ ਟੁੱਟੀ ਅਤੇ ਸਾਹਮਣਿਓਂ ਆਵਾਜ਼ ਆਈ, “ਇਜ਼ ਦਿਸ ਐਸ੯ ?” ਹੜਬੜਾਹਟ ’ਚ “ਯੈਸ” ਕਹਿੰਦਿਆਂ ਕੰਵਰ ਨੇ ਦੇਖਿਆ ਕਿ ੨੭-੨੮ ਸਾਲਾਂ ਦੀ ਮੁਟਿਆਰ ਕੁੜੀ ਜੋ ਕਿ ਵੇਖਣ ਵਿੱਚ ਸਾਊਥ ਇੰਡੀਅਨ ਲੱਗ ਰਹੀ ਸੀ ।“ਥੈਂਕਸ”, ਬੈਠਦਿਆਂ ਉਸ ਨੇ ਕਿਹਾ ।ਗੱਲਾਂ ਦਾ ਸਿਲਸਿਲਾ ਸ਼ੁਰੂ ਹੋਇਆ ਤੇ ਉਸ ਨੇ ਦੱਸਿਆ ਕਿ ਉਹ ਇੱਕ ਕੰਪਨੀ ਦੀ ਈਵੈਂਟ ਮੈਨੇਜਰ ਹੈ ਤੇ ਦਿੱਲੀ ਇੱਕ ਈਵੈਂਟ ਆਰਗਨਾਈਜ਼ ਕਰ ਕੇ ਵਾਪਸ ਹੈਦਰਾਬਾਦ ਜਾ ਰਹੀ ਹੈ ।ਗੱਲਾਂ ਕਰਦਿਆਂ ਨਾਂ ਅਤੇ ਮੋਬਾਈਲ ਨੰਬਰ ਵੀ ਐਕਸਚੇਂਜ ਹੋ ਗਏ ।‘ਕਸ਼ਿਸ਼’ ਦੱਸਿਆ ਸੀ ਉਸ ਨੇ ਆਪਣਾ ਨਾਂ ।ਸਾਂਵਲਾ ਜਿਹਾ ਰੰਗ ਤੇ ਲੋਹੜੇ ਦਾ ਆਤਮ-ਵਿਸ਼ਵਾਸ ।ਗੱਲ ਕਰਨ ਦਾ ਤਰੀਕਾ ਹੀ ਅਲੱਗ ਜਿਹਾ ਸੀ ਉਸ ਦਾ । ਪਿਛਲੇ ਪੰਦਰਾਂ ਸਾਲਾਂ ’ਚ ਪੜ੍ਹਾਈ ਦੌਰਾਨ ਉਹੀ ਰੂਟ ਤੇ ਉਹੀ ਟਰੇਨ, ਪਰ ਕੰਵਰ ਨੂੰ ਆਉਂਦੇ- ਜਾਂਦਿਆਂ ਅਜਿਹੀ ਹਮਸਫ਼ਰ ਕਦੇ ਵੀ ਨਹੀਂ ਸੀ ਮਿਲੀ ।ਚਾਰ ਕੁ ਘੰਟਿਆਂ ਦੇ ਸਫ਼ਰ ’ਚ ਇਹ ਲੱਗਦਾ ਹੀ ਨਹੀਂ ਸੀ ਕਿ ਕੰਵਰ ਨਾਲ ਕਸ਼ਿਸ਼ ਦੀ ਇਹ ਪਹਿਲੀ ਮੁਲਾਕਾਤ ਸੀ ।ਆਪਸ ਵਿੱਚ ਗੱਲਾਂ ਕਰਨ ਕਰ ਕੇ ਹੁਣ ਰੇਲ ਦੇ ਇੰਜਨ ਤੇ ਹਾਰਨ ਦੀ ਆਵਾਜ਼ ਵੀ ਮੱਧਮ ਜਿਹੀ ਲੱਗ ਰਹੀ ਸੀ ।

ਝਾਂਸੀ ਲੰਘਣ ਤੋਂ ਬਾਅਦ ਗੱਡੀ ਗੁਫ਼ਾ ਵਿੱਚ ਵੜਨ ਸਾਰ ਅਚਾਨਕ ਹੋਏ ਹਨੇਰੇ ਕਾਰਨ ਕਸ਼ਿਸ਼ ਡਰ ਕੇ ਚੀਕਦੀ ਹੋਈ ਕੰਵਰ ਦੇ ਸੀਨੇ ਨਾਲ ਜਿਵੇਂ ਲਿਪਟ ਹੀ ਗਈ ।ਅਤੇ ਫਿਰ ਉਸ ਰਾਤ ਗੱਡੀ ਵਿੱਚ ਉਹ ਹੱਦ ਵੀ ਪਾਰ ਹੋ ਗਈ, ਜੋ ਨਹੀਂ ਸੀ ਹੋਣੀ ਚਾਹੀਦੀ। ਸਵੇਰੇ ਪੰਜ ਕੁ ਵਜੇ ਗੱਡੀ ਕਿਸੇ ਸਟੇਸ਼ਨ ਤੇ ਰੁਕੀ । ਉੱਥੇ ਚਾਹ ਵਾਲਿਆਂ ਦੇ ਰੌਲ਼ੇ ਨਾਲ ਕੰਵਰ ਦੀ ਅੱਖ ਖੁੱਲ੍ਹੀ ।ਅੱਖਾਂ ਮਲਦੇ ਹੋਏ ਉੱਠ ਕੇ ਕੰਵਰ ਨੇ ਦੇਖਿਆ ਕਿ ਕਸ਼ਿਸ਼ ਦੀ ਸੀਟ ’ਤੇ ਉਸ ਦੀ ਜਗਾ ਕੋਈ ਹੋਰ ਫੈਮਲੀ ਬੈਠੀ ਹੋਈ ਸੀ ।ਜਲਦਬਾਜ਼ੀ ਤੇ ਬੌਖਲਾਹਟ ਜਿਹੀ ’ਚ ਕੰਵਰ ਨੇ ਆਪਣਾ ਮੋਬਾਈਲ ਜੇਬ ਵਿੱਚੋਂ ਕੱਢਿਆ ਤੇ ਦੇਖਿਆ ਕਿ ਮੋਬਾਈਲ ਦੀ ਸਕਰੀਨ ’ਤੇ ਕਸ਼ਿਸ਼ ਦਾ ਮੈਸੇਜ ਫਲੈਸ਼ ਕਰ ਰਿਹਾ ਸੀ ।ਕੰਵਰ ਨੇ ਮੈਸੇਜ ਖ਼ੋਲ ਕੇ ਵੇਖਿਆ ਤੇ ਲਿਖਿਆ ਸੀ, “ਕੰਵਰ, ਵੈੱਲਕਮ ਟੂ ਦਾ ਵਰਲਡ ਆਫ਼ ਏਡਜ਼-ਕਸ਼ਿਸ਼”। ਮੈਸੇਜ ਪੜ੍ਹਦੇ ਸਾਰ ਹੀ ਕੰਵਰ ਤਾਂ ਜਿਵੇਂ ਬਰਫ਼ ਦੀ ਸਿੱਲ੍ਹ ਹੀ ਹੋ ਗਿਆ ਸੀ ।ਹੁਣ ਉਸ ਨੂੰ ਕੰਪਨੀ ਵੱਲੋਂ ਸਪਾਂਸਰ ਇਹ ਪਹਿਲਾ ਟੂਰ, ਪਹਿਲਾ ਨਹੀਂ, ਸਗੋਂ ਜ਼ਿੰਦਗੀ ਦਾ ਆਖ਼ਰੀ ਸਫ਼ਰ ਲੱਗ ਰਿਹਾ ਸੀ ।

# ਜਿੰਦਗੀ ਵਿੱਚ ਸਫਲਤਾ ਲਈ ਵਿਦਿਆਰਥੀ ਰੱਟਾ ਵਿਧੀ ਨੂੰ ਛੱਡ ਕੇ ਤਰਕ ਨਾਲ ਕਰਨ ਪੜਾਈ

ਅਕਸਰ ਹੀ ਅੱਜ ਕੱਲ੍ਹ ਦੇਖਿਆ ਜਾਦਾਂ ਹੈ ਕਿ ਕਈ ਵਿਦਿਆਰਥੀ ਰੱਟਾ ਵਿਧੀ ਨਾਲ ਪੜਾਈ ਕਰਨ ਨੂੰ ਪਹਿਲ ਦਿੰਦੇ ਹਨ ।ਜਦੋਂ ਵੀ ਅਧਿਆਪਕ ਦੁਆਰਾ ਰੱਟਾ ਵਿਧੀ ਨਾਲ ਪੜਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਕੋਈ ਵੀ ਪ੍ਰਸ਼ਨ ਪੁੱਛਿਆ ਜਾਂਦਾ ਹੈ ਤਾਂ ਉਹ ਵਿਦਿਆਰਥੀ ਤੁਰੰਤ ਹੀ ਬਹੁਤ ਤੇਜ ਸਪੀਡ ਨਾਲ ਉਸ ਪ੍ਰਸ਼ਨ ਦਾ ਜਵਾਬ ਤਾਂ ਦੇ ਦਿੰਦੇ ਜਦਕਿ ਉਹਨਾਂ ਨੂੰ ਅਸਲ ਵਿੱਚ ਉਸ ਪ੍ਰਸ਼ਨ ਉੱਤਰ ਦਾ ਕੋਈ ਵੀ ਅਰਥ ਪਤਾ ਨਹੀਂ ਹੁੰਦਾ ਕਿਉਕਿ ਉਹਨਾਂ ਵਿਦਿਆਰਥੀਆਂ ਨੇ ਸਿਰਫ ਰੱਟੇ ਲਗਾ ਕੇ ਹੀ ਪੜਿਆ ਹੁੰਦਾ ।ਰੱਟੇ ਲਾਉਣ ਵਾਲੇ ਵਿਦਿਆਰਥੀ ਨੂੰ ਅਗਰ ਪੇਪਰ ਦੇਣ ਸਮੇਂ ਸ਼ੁਰੂ ਵਾਲੇ ਪ੍ਰਸ਼ਨ ਉੱਤਰ ਦੀ ਇਕ ਲਾਇਨ ਵੀ ਭੁੱਲ ਜਾਵੇ ਤਾਂ ਉਸ ਵਿਦਿਆਰਥੀ ਨੂੰ ਸਾਰੇ ਦਾ ਸਾਰਾ ਪ੍ਰਸ਼ਨ ਉੱਤਰ ਭੁੱਲ ਜਾਂਦਾ ਹੈ ਅਤੇ ਪੇਪਰ ਵਿੱਚ ਕੁਝ ਵੀ ਨਹੀਂ ਲਿਖ ਪਾਉਂਦਾ ।ਅਗਰ ਅਸੀ ਉਹ ਹੀ ਪ੍ਰਸ਼ਨ ਉੱਤਰ ਤਰਕ ਨਾਲ ਅਰਥ ਸਮਝ ਕੇ ਪੜਿਆ ਹੋਵੇ ਤਾਂ ਉਹ ਕਦੇ ਵੀ ਨਹੀਂ ਭੁੱਲਦਾ । ਵਿਦਿਆਰਥੀ ਕਿਤਾਬ ਵਿਚੋ ਰੱਟਾ ਲਗਾ ਕੇ ਪਾਸ ਜਰੂਰ ਹੋ ਸਕਦਾ ਹੈ ਪਰ ਅਸਲ ਗਿਆਨ ਤੋ ਵਾਂਝਾ ਰਹਿ ਜਾਂਦਾ ਹੈ ।ਇਹ ਰੱਟਾ ਵਿਧੀ ਨਾਲ ਪੜਾਈ ਕਰਨ ਵਾਲੇ ਵਿਦਿਆਰਥੀ ਜਦੋਂ ਛੋਟੀਆਂ ਜਮਾਤਾਂ ਵਿਚੋ ਪੜਾਈ ਕਰ ਕੇ ਵੱਡੀਆਂ ਜਮਾਤਾਂ ਵਿੱਚ ਜਾਂਦੇ ਹਨ ਤਾਂ ਉਹਨਾਂ ਨੂੰ ਪੜਾਈ ਦੇ ਅਰਥ ਸਮਝਣ ਵਿੱਚ ਬਹੁਤ ਜਿਆਦਾ ਮੁਸ਼ਕਿਲ ਆਉਂਦੀ ਹੈ ਕਿਉਂਕਿ ਉਹਨਾਂ ਨੇ ਬੇਸਿਕ ਸਿਲੇਬਸ ਛੋਟੀਆ ਜਮਾਤਾਂ ਵਿੱਚ ਸਮਝਿਆ ਨਹੀਂ ਹੁੰਦਾ ਸਿਰਫ ਰੱਟਾ ਲਗਾ ਕੇ ਹੀ ਪੜਿਆ ਹੁੰਦਾ ਹੈ ।ਅੱਜ ਕੱਲ ਦਾ ਯੁੱਗ ਕੰਪੀਟੀਸ਼ਨ ਦਾ ਯੁੱਗ ਹੈ ।ਅਸੀ ਕੋਈ ਵੀ ਨੋਕਰੀ ਪ੍ਰਾਪਤ ਕਰਨੀ ਹੈ ਜਾ ਫਿਰ ਕਿਸੇ ਕਾਲਜ ਜਾ ਯੂਨੀਵਰਸਿਟੀ ਵਿੱਚ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਦਾਖਲਾ ਲੈਣਾ ਹੈ ਤਾਂ ਸਾਨੂੰ ਬਹੁਤ ਵੱਡੇ ਕੰਪੀਟੀਸ਼ਨ ਵਿਚੋ ਗੁਜਰਨਾ ਪੈਂਦਾ ਹੈ ਜੋ ਕਿ ਸਾਡੇ ਲਈ ਬਹੁਤ ਵੱਡਾ ਚੈਲੰਜ ਹੁੰਦਾ ਹੈ ।ਅਗਰ ਅਸੀ ਸ਼ੁਰੂ ਤੋ ਲੈ ਕੇ ਰੱਟਾ ਵਿਧੀ ਨਾਲ ਪੜਾਈ ਕੀਤੀ ਹੈ ਤਾਂ ਅਸੀ ਕੋਈ ਵੀ ਕੰਪੀਟੀਸ਼ਨ ਵਾਲਾ ਪੇਪਰ ਪਾਸ ਨਹੀਂ ਕਰ ਸਕਦੇ ।ਜੇਕਰ ਅਸੀਂ ਸ਼ੁਰੂ ਤੋ ਹੀ ਤਰਕ ਵਿਧੀ ਨਾਲ ਪੜਾਈ ਕੀਤੀ ਹੈ ਤਾਂ ਸਾਨੂੰ ਮੁਕਾਬਲੇ ਦੀਆ ਪ੍ਰੀਖਿਆਵਾਂ ਪਾਸ ਕਰਨ ਵਿੱਚ ਕੋਈ ਵੀ ਦਿੱਕਤ ਨਹੀਂ ਆਵੇਗੀ। ਔਖੇ ਵਿਸ਼ਿਆਂ ਦੇ ਸੌਖੇ ਤਰੀਕੇ ਨਾਲ ਪੜਣ ਲਈ ਹੱਥ ਲਿਖਤ ਨੋਟਸ ਤਿਆਰ ਕੀਤੇ ਜਾ ਸਕਦੇ ਹਨ । ਬੱਚੇ ਆਪਣੀ ਲਿਖਾਈ ’ਚ ਤਿਆਰ ਕੀਤੇ ਮਟੀਰੀਅਲ ਤੋਂ ਕਿਤਾਬਾਂ ਦੀ ਬਜਾਏ ਜ਼ਿਆਦਾ ਸਿੱਖਦੇ ਹਨ ।ਖ਼ਾਸ ਤੌਰ ’ਤੇ ਵਿਗਿਆਨ ਤੇ ਹਿਸਾਬ ਜਿਹੇ ਔਖੇ ਵਿਸ਼ਿਆਂ ਦੇ ਫਾਰਮੂਲਿਆਂ ਨੂੰ ਫਲੈਸ਼ ਕਾਰਡਾਂ ’ਤੇ ਲਿਖ ਕੇ ਸੌਖਿਆਂ ਯਾਦ ਕੀਤਾ ਜਾ ਸਕਦਾ ਹੈ। ਰੱਟਾ ਵਿਧੀ ਰਾਹੀਂ ਮੂੰਹ ਜ਼ੁਬਾਨੀ ਯਾਦ ਕਰਨ ਦੀ ਬਜਾਏ ਬੱਚੇ ਨੂੰ ਤੱਥ ਦੀ ਸਮਝ ਹੋਣੀ ਜ਼ਰੂਰੀ ਹੈ। ਇਸ ਨਾਲ ਉਸ ਨੂੰ ਪ੍ਰੀਖਿਆ ’ਚ ਲਿਖਣ ’ਚ ਮਦਦ ਮਿਲਦੀ ਹੈ ਤੇ ਉਹ ਮੁੱਖ ਤੱਥਾਂ ਦਾ ਲਿਖਤੀ ਵਿਸਥਾਰ ਦੇਣਾ ਸਿੱਖ ਜਾਂਦਾ ਹੈ। ਬਿਨਾਂ ਧਿਆਨ ਕੇਂਦਰਤ ਕੀਤੀ ਘੰਟਿਆਂਬੱਧੀ ਪੜ੍ਹਨ ਦਾ ਕੋਈ ਫ਼ਾਇਦਾ ਨਹੀਂ, ਜਦੋਂਕਿ ਇਕਾਗਰ ਚਿੱਤ ਨਾਲ ਕੁਝ ਮਿੰਟ ਪੜ੍ਹੇ ਦਾ ਹੀ ਜ਼ਿਆਦਾ ਫ਼ਾਇਦਾ ਹੋ ਜਾਂਦਾ ਹੈ। ਇਸ ਲਈ ਸਾਰੇ ਵਿਦਿਆਰਥੀਆਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੇਣ ਦੀ ਜਰੂਰਤ ਹੈ ਕਿ ਸਾਨੂੰ ਪੜਾਈ ਦੇ ਸਿਲੇਬਸ ਨੂੰ ਚੰਗੀ ਤਰ੍ਹਾਂ ਤਰਕ ਨਾਲ ਅਰਥ ਸਮਝ ਕੇ ਪੜਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਲਈ ਸਾਨੂੰ ਕੋਈ ਮੁਸ਼ਕਿਲ ਨਾ ਆਵੇ ।ਕਿਤਾਬੀ ਪੜਾਈ ਤੋ ਬਿਨਾਂ ਵਿਸ਼ੇ ਨਾਲ ਸਬੰਧਤ ਅਖ਼ਬਾਰਾਂ,ਰੇਡਿਓ, ਸਿੱਖਿਆ ਸੰਬੰਧੀ ਮੈਗਜੀਨ ,ਇਤਿਹਾਸਕ ਯਾਤਰਾ ਤੇ ਜਾ ਕੇ ਇਤਿਹਾਸਿਕ ਥਾਵਾਂ ਦੇਖਣਾ, ਟੀਵੀ ਤੇ ਇੰਟਰਨੈੱਟ ਰਾਹੀਂ ਵੀ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ ਕਿਉਂਕਿ ਵੱਖ ਵੱਖ ਤਰੀਕਿਆਂ ਨਾਲ ਕੀਤੀ ਪੜਾਈ ਨਾਲ ਜਿਆਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਲੰਮੇ ਸਮੇਂ ਤੱਕ ਯਾਦ ਰਹਿੰਦਾ ਹੈ ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਰੀਨਾ ਰਾਣੀ
ਬਲਾਚੋਰ



# ਵੱਧ ਰਹੀਆਂ ਜ਼ਬਰ ਜਨਾਹ ਦੀਆਂ ਘਟਨਾਵਾਂ ਨੂੰ ਠੱਲ੍ਹਣ ਲਈ ਘਟਨਾਵਾਂ ਦੀ ਜੜ੍ਹ ਤੱਕ ਪਹੁੰਚਣ ਦੀ ਲੋੜ





ਹਾਲ ਹੀ ਦੌਰਾਨ ਲੁਧਿਆਣਾ ਦੀ ਇੱਕ ਲੜਕੀ ਨਾਲ ਹੋਏ ਗੈਂਗਰੇਪ ਸਮੇਤ ਪੈਰਾ ਮੈਡੀਕਲ ਵਿਦਿਆਰਥਣ ਨਾਲ ਦੇਸ਼ ਦੀ ਰਾਜਧਾਨੀ ਦਿੱਲੀ 'ਚ ਸਮੂਹਿਕ ਵਾਪਰੀ ਘਟਨਾ ਕੋਈ ਨਵੀਂ ਘਟਨਾ ਨਹੀਂ ਹੈ, ਇਸਤੋਂ ਪਹਿਲਾਂ ਵੀ ਦੇਸ਼ 'ਚ ਹਜਾਰਾਂ ਦੀ ਗਿਣਤੀ 'ਚ ਕਾਮ ਵਾਸਨਾ ਦੇ ਦਰਿੰਦਿਆਂ ਨੇ ਲੜਕੀਆਂ ਤੇ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਤੇ ਆਪਣੀ ਦਰਿੰਦਗੀ ਦਾ ਸਬੂਤ ਦਿੰਦਿਆਂ ਪੀੜਤਾਵਾਂ ਨੂੰ ਜਾ ਤਾਂ ਮੌਤ ਤੇ ਘਾਟ ਉਤਾਰ ਦਿੱਤਾ ਜਾਂ ਫਿਰ ਉਨ੍ਹਾਂ ਦੀ ਜਿੰਦਗੀ ਨਰਕ ਬਣਾ ਕੇ ਰੱਖ ਦਿੱਤੀ। ਮੈਡੀਕਲ ਵਿਦਿਆਰਥਣ ਨਾਲ ਜਿਸ ਤਰ੍ਹਾਂ ਬੱਸ 'ਚ ਸਮੂਹਿਕ ਬਲਾਤਕਾਰ ਕੀਤਾ ਗਿਆ, ਇਸਨੇ ਸਮੁੱਚੇ ਮਰਦ ਪ੍ਰਧਾਨ ਸਮਾਜ 'ਤੇ ਇੱਕ ਸਵਾਲੀਆ ਚਿਨ੍ਹ ਲਗਾ ਕੇ ਖੜ੍ਹਾ ਦਿੱਤਾ। ਇਸ ਘਟਨਾ ਨੇ ਸਰਕਾਰ ਦੇ ਮੱਥੇ ਤੇ ਤਰੇਲੀਆਂ ਲਿਆ ਦਿੱਤੀਆਂ। ਦੇਸ਼ ਦੇ ਨੌਜਵਾਨਾਂ ਦਾ ਗੁੱਸਾ ਇੱਕ ਜਵਾਲਾਮੁਖੀ ਬਣ ਫਟ ਨਿਕਲਿਆ, ਪਰ ਇਸਦਾ ਕੋਈ ਵੀ ਨਤੀਜਾ ਸਾਹਮਣੇ ਨਹੀਂ ਆਇਆ। ਭਾਵੇਂ ਬਲਾਤਕਾਰੀਆਂ ਵਿਰੁੱਧ ਆਈ.ਪੀ.ਸੀ ਦੀ ਧਾਰਾ 376 ਤਹਿਤ ਮੁਲਜਮਾਂ ਵਿਰੁੱਧ 7 ਤੋਂ 10 ਸਾਲ ਦੀ ਸਜਾ ਦਿੱਤੀ ਜਾ ਸਕਦੀ ਹੈ, ਪਰ ਇਸ ਸਭ ਕੁਝ ਦੇ ਬਾਵਜੂਦ ਜਬਰ ਜਿਨਾਹ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਆਏ ਦਿਨ ਦਰਿੰਦਿਆਂ ਵੱਲੋਂ ਜ਼ਬਰ ਜਨਾਹ ਦੀਆਂ ਘਟਨਾਵਾਂ ਨੂੰ ਅੰਜ਼ਾਮ ਦਿੱਤਾ ਜਾ ਰਿਹਾ ਹੈ। ਨੌਜਵਾਨ ਵਰਗ ਵੱਲੋਂ ਕੀਤੇ ਗਏ ਸੰਘਰਸ਼ਾਂ 'ਚ ਸਰਕਾਰ ਨੂੰ ਆਖਰ ਆਪਣੀ ਚੁੱਪੀ ਤੋੜਣੀ ਪਈ, ਪਰ ਸਵਾਲ ਪੈਦਾ ਇਹ ਹੁੰਦਾ ਹੈ ਕਿ ਲੋਕਾਂ ਨੂੰ ਸੰਘਰਸ਼ ਦੇ ਰਾਹ ਪੈਣ ਤੋਂ ਪਹਿਲਾਂ ਸਰਕਾਰ ਨੇ ਕੋਈ ਕਾਰਵਾਈ ਕਿਓ ਨਹੀਂ ਕੀਤੀ। ਕਿਉਂ ਸਰਕਾਰ ਸਖਤ ਫ਼ੈਸਲੇ ਨਹੀਂ ਲੈ ਰਹੀ। ਇੰਨ੍ਹਾਂ ਸ਼ਰਮਨਾਕ ਘਟਨਾਵਾਂ ਕਾਰਨ ਪੂਰੇ ਦੇਸ਼ ਦਾ ਗੁੱਸਾ ਜੋਰਾਂ 'ਤੇ ਹੈ। ਤੁਰੰਤ ਸਰਬਪਾਰਟੀ ਮੀਟਿੰਗ ਸੱਦ ਕੇ ਕਾਨੂੰਨ 'ਚ ਤਬਦੀਲੀ ਕਰਕੇ ਬਲਾਤਕਾਰੀਆਂ ਲਈ ਫਾਂਸੀ ਦੀ ਸਜਾ ਨਿਯਤ ਕਰ ਦਿੱਤੀ ਜਾਵੇ। ਬਲਾਤਕਾਰਾਂ ਦੀ ਗਿਣਤੀ 'ਚ ਜਿਥੇ ਚੌਖਾ ਵਾਧਾ ਹੋਇਆ ਹੈ, ਉਥੇ ਸਜਾ ਦਰ ਕਾਫੀ ਘੱਟ ਗਈ ਵੀ ਹੈ।

ਜੇਕਰ ਜ਼ਬਰ ਜਨਾਹਾਂ ਦੀਆਂ ਘਟਨਾਵਾਂ 'ਤੇ ਨਜਰ ਮਾਰੀਏ ਤਾਂ ਇਸਦਾ ਕਾਰਨ ਸਾਡਾ ਸਮਾਜ ਵੀ ਹੈ। ਸਾਡੇ ਸਮਾਜ 'ਚ ਚੱਲ ਰਿਹਾ ਪਹਿਰਾਵਾ ਅਤੇ ਸਮਾਜ 'ਚ ਚੱਲਦੇ ਗੈਰ ਮਿਆਰੀ ਗੀਤ ਵੀ ਇੰਨ੍ਹਾਂ ਲਈ ਕਿਤੇ ਨਾ ਕਿਤੇ ਕਾਰਨ ਹਨ। ਪੰਜਾਬ 'ਚ ਬੀਤੇ ਦਿਨੀਂ ਹੋਇਆ ਸ਼ਰੂਤੀ ਅਗਵਾ ਕਾਂਡ 'ਚ ਜਿਸ ਤਰ੍ਹਾਂ ਦੋਨਾਲੀਆਂ ਨਾਲ ਸ਼ਰੂਤੀ ਨੂੰ ਅਗਵਾ ਕੀਤਾ ਗਿਆ, ਉਹ ਕਿਤੇ ਨਾ ਕਿਤੇ ਸਾਡੇ ਪੰਜਾਬੀ ਗਾਣਿਆਂ 'ਚ ੨ਤੈਨੂੰ ਦੋਨਾਲੀਆਂ ਦੀ ਛਾਂ ਕਰਕੇ ਲੈ ਜਾਂਵਾਂਗੇ" ਪ੍ਰਮੁੱਖ ਹਨ। ਇਸਤੋਂ ਇਲਾਵਾ ਪੰਜਾਬੀ ਗੀਤ "ਨਿੰਮ ਥੱਲੇ ਬੈਠ ਜਾਂ ਵਿਛਾਕੇ ਚਾਦਰਾ, ਮੈਂ ਚੰਨਾਂ ਆਉਂਦੀ ਆਂ" ਬੋਲਾਂ ਨੂੰ ਸੁਣ ਕੇ ਇੰਝ ਲੱਗਦਾ ਹੈ ਕਿ ਇਹ ਸਾਡੇ ਸਮਾਜ ਦੀਆਂ ਸਭ ਹੱਦਾਂ-ਬੰਨਿਆਂ ਨੂੰ ਟੱਪਾ ਚੁੱਕਿਆ ਹੈ। ਸਿਆਣਿਆਂ ਨੂੰ ਕਹਿੰਦੇ ਸੁਣਿਆ ਹੈ ਕਿ ਪੁਰਾਣੇ ਸਮਿਆਂ 'ਚ ਗੀਤਾਂ ਵਿੱਚੋਂ ਸਾਨੂੰ ਸਾਡੇ ਸਮਾਜ ਵਿੱਚ ਵਾਪਰੀਆਂ ਗੱਲਾਂ ਅਤੇ ਰਿਸ਼ਤਿਆਂ ਦੀ ਝਲਕ ਦਿਖਾਈ ਦਿੰਦੀ ਸੀ, ਪਰਹੁਣ ਉਕਤ ਗੀਤ ਦੇ ਹੋਰ ਬੋਲਾਂ "ਨੀਂਦ ਦੀਆਂ ਗੋਲੀਆਂ ਸਾਰੇ ਟੱਬਰ ਨੂੰ ਦੁੱਧ 'ਚ ਪਿਲਾਉਂਦੀ ਆਂ" ਤੋਂ ਇਹ ਜਾਪਦਾ ਹੈ ਜਿਵੇਂ ਗੀਤਕਾਰ ਅਤੇ ਗਾਇਕ ਦੇ ਘਰ ਕੋਈ ਨੌਜਵਾਨ ਧੀ ਹੀ ਨਾ ਹੋਵੇ ਅਤੇ ਇਹ ਗੀਤ ਸਾਡੇ ਸਮਾਜ ਦੀਆਂ ਲੜਕੀਆਂ ਨੂੰ ਮਾੜੀ ਸੇਧ ਦੇ ਰਹੇ ਹਨ ਅਤੇ ਅਜਿਹਾ ਮਾੜਾ ਕੁਝ ਕਰਨ ਲਈ ਉਤਸ਼ਾਹਿਤ ਕਰਦੇ ਹੋਣ। ਅੱਜ ਦੀ ਨੌਜਵਾਨ ਪੀੜੀ ਅੰਦਰ ਉਠਦੇ ਅਜਿਹੇ ਬੁਲਬੁਲੇ ਜੋ ਉਠਦੇ ਤਾਂ ਹਨ, ਪਰ ਡਰ ਜਾਂਦੇ ਹਨ, ਉਨ੍ਹਾਂ ਨੂੰ ਬਲ ਬਖ਼ਸ਼ਦੇ ਹੋਣ ਅਤੇ ਇਸ ਗੀਤ ਨੂੰ ਸੁਣ ਕੇ ਹਰ ਰੋਜ਼ ਆਪਣੀ ਨੌਜਵਾਨ ਧੀ, ਭੈਣ ਦੇ ਹੱਥੋ ਕੁਝ ਖਾਣ- ਪੀਣ ਵਾਲਾ ਵਿਅਕਤੀ ਨੂੰ ਸ਼ੰਸ਼ੋਪੰਜ ਵਿੱਚ ਜਰੂਰ ਪਾ ਦਿੰਦੇ ਹਨ। ਟੀ.ਵੀ. ਚੈਨਲਾਂ ਤੇ ਚੱਲ ਰਿਹਾ ਇੱਕ ਹੋਰ ਗੀਤ "ਪ੍ਰੇਮੀ ਜੋੜਾ ਪਿੰਡ ਵਿੱਚੋਂ ਫਰਾਰ ਹੋ ਗਿਆ, ਭਾਵੇਂ ਚੱਪਾ-ਚੱਪਾ ਲੱਭ ਲੈਣ ਪ੍ਰੇਮੀ ਜੋੜਾ ਨਹੀਂ ਲੱਭਣਾ, ਮੈਨੂੰ ਮੂੰਹ 'ਚ ਪਾ ਲੈਣ, ਵੇਟ ਕਰੂੰ ਕੰਨਟੀਨ 'ਚ ਤੇਰੀ, ਕਾਲਜ ਦੀ ਟੋਪਰ ਕਰਾਤੀ ਫੇਲ੍ਹ, ਦਿਲ ਸਾਹਮਣੇ ਬੱਲਬ ਤੋਂ ਡਰੇ ਮਿੱਤਰਾ, ਕਿੱਥੇ ਰੱਖ ਲਾ ਸਾਂਭ ਕੇ ਜਵਾਨੀ, ਵੈਲੀ ਜੀਜੇ ਨੂੰ ਨਾ ਸਮਝੀ ਅਣਜਾਨਾ, ਹਫਤੇ 'ਚ ਪੰਜ ਦਿਨ ਕਰੇ ਆਸ਼ਕੀ ਮੁੰਡਾ ਦੋ ਦਿਨ ਪੜ੍ਹਦਾ, ਪਹਿਲਾਂ ਫੋਨ ਕਰਕੇ ਬੁਲਾ ਲੈਂਦੀ, ਜਦ ਆਈਏ ਵੀਹੀ 'ਚ ਫਿਰ ਗੇਟ ਤੂੰ ਲਾ ਲੈਂਦੀ, ਦੱਸ ਕਿਹੜਾ ਬੰਦਾ ਮਰਵਾਉਣਾ ਅੱਜ ਤੈ, ਸਾਡੀ ਕੰਧ ਤੇ ਲੱਗਿਆ ਕੰਚ ਵੇ ਆਈ ਬੱਚਕੇ ਸੋਹਣਿਆ" ਆਦਿ ਕਿੰਨੇ ਕੁ ਗੀਤ ਲਿਖੇ, ਇਹ ਸਭ ਗੀਤ ਸਾਨੂੰ ਕੀ ਸੁਨੇਹਾ ਦੇ ਰਹੇ ਹਨ ? ਮੈਂ ਇੱਕ ਹੋਰ ਗੀਤ ਸੁਣਿਆ ੨ਕੰਧ ਤੇਰੀ ਟੱਪਦਾ ਪਛਾਣਿਆ ਗਿਆ, ਮਿੱਤਰਾਂ ਤੇ ਬੋਲਗੀ ਪੰਚਾਇਤ ਕੁੜੀਏ" ਇਹ ਸਾਨੂੰ ਕੀ ਦੱਸਦੈ। ਸਾਡੇ ਇੱਕ ਗਾਇਕ ਨੇ ਤਾਂ ਜਵੀਂ ਸੰਗ ਹੀ ਲਾ ਦਿੱਤੀ ੨ਆਸ਼ਕੀ ਜਿੰਦਾਬਾਦ" ਅਤੇ ੨ਮੇਰੀ ਕਬਰ ਉੱਤੇ ਵੂਮੈਨ ਕਾਲਜ ਖੁਲਵਾ ਦੇਣਾ" ਨੇ ਸਾਰੀਆਂ ਹੱਦ-ਬੰਨ੍ਹੇ ਹੀ ਟਪਾ ਦਿੱਤੇ। ਮੇਰੀ ਕਿਸੇ ਗਾਇਕ ਜਾਂ ਗੀਤਕਾਰ ਨਾਲ ਕੋਈ ਦੁਸ਼ਮਣੀ ਨਹੀਂ, ਪਰ ਮੈਨੂੰ ਤਾਂ ਉਨ੍ਹਾਂ ਦੀ ਕਲਮ ਬਾਰੇ ਸੋਚ-ਸੋਚ ਕੇ ਹੈਰਾਨੀ ਹੋ ਰਹੀ ਹੈ ਕਿ ਉਹ ਕਿਹੋ-ਜਿਹੇ ਗੀਤ ਉੱਕਰ ਰਹੇ ਹਨ। ਇੰਨ੍ਹਾਂ ਗਾਇਕਾਂ ਤੇ ਗੀਤਕਾਰਾਂ ਨੇ ਤਾਂ ਕਾਲਜਾਂ 'ਚ ਪੜ੍ਹਾਈ ਦੀਆਂ ਸਭ ਗੱਲਾਂ ਵਿਸਾਰ ਕੇ ਕਾਲਜਾਂ ਨੂੰ ਆਸ਼ਕੀ ਦੇ ਅੱਡੇ ਬਣਾ ਕੇ ਰੱਖ ਦਿੱਤਾ ਹੈ। ਪੰਜਾਬੀ ਗਾਣਾ ੨ਮੁੰਡਾ ਬਾਂਹ ਫੜ ਕੇ ਕਹਿੰਦਾ ਆਈ ਲਵ ਯੂ- ਫੇਰ ਛੱਡੂ ਪਹਿਲਾਂ ਕਹਿ ਆਈ ਲਵ ਯੂ ਟੂ" ਇਹ ਸਾਡੇ ਕਾਲਜਾਂ 'ਚ ਪੜ੍ਹਦੇ ਮੁੰਡੇ-ਕੁੜੀਆਂ ਨੂੰ ਕੁਰਾਹੇ ਪਾਉਣ ਤੋਂ ਇਲਾਵਾ ਹੋਰ ਕੀ ਰਿਹਾ ਹੈ। ਇੱਕ ਕਲਾਸ 'ਚ ਪੜ੍ਹਦੇ ਲੜਕੇ-ਲੜਕੀਆਂ ਨੂੰ ਕਿਸੇ ਵੇਲੇ ਭੈਣ-ਭਰਾ ਸਮਝਿਆ ਜਾਂਦਾ ਸੀ, ਪਰ ਜਦੋਂ ਅਜਿਹੇ ਗੀਤ ਉੱਕਰੇ ਗਏ ਤੇ ਉਨ੍ਹਾਂ ਦਾ ਫਿਲਮਾਂਕਣ ਕੀਤਾ ਗਿਆ ਤਾਂ ਇੰਨ੍ਹਾਂ ਗੀਤਾਂ ਨੇ ਜਿੱਥੇ ਸਾਡੇ ਸਮਾਜ 'ਚ ਰਿਸ਼ਤਿਆਂ ਦਾ ਘਾਣ ਕੀਤਾ, ਉਥੇ ਸਾਡੇ ਸਮਾਜ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ ਹੈ। ਹਰ ਵੇਲੇ ਵੈਲੀ, ਲੜਾਈਆਂ ਕਰਨ ਦੇ ਆਦੀ ਅਤੇ ਆਸ਼ਕੀ ਦੇ ਠੇਕੇਦਾਰ ਦੱਸਣ ਵਾਲੇ ਇੰਨ੍ਹਾ ਗਾਇਕਾਂ ਨੇ ਸਮਾਜ ਨੂੰ ਹੋਰ ਦਿੱਤਾ ਵੀ ਕੀ ਹੈ ? ਪਰ ਜਿਸਤੇ ਮੈਂ ਹੈਰਾਨ ਹੀ ਨਹੀਂ, ਬਲਕਿ ਸ਼ੰਸ਼ੋਪੰਜ ਵਿੱਚ ਹਾਂ ਕਿ ਇਸ ਅਤਿ ਘਟੀਆਂ ਦਰਜ਼ੇ ਦੀ ਗਾਇਕੀ ਤੇ ਗੀਤਕਾਰ ਵਿਰੁੱਧ ਸਰੌਤੇ ਅਵਾਜ਼ ਬੁਲੰਦ ਕਿਓ ਨਹੀਂ ਕਰਦੇ ? ਅਤੇ ਇੰਨ੍ਹਾਂ ਨੂੰ ਨਕੇਲ ਕਿਓ ਨਹੀਂ ਪਾਉਂਦੇ ? ਅੱਜ ਦੇ ਗੀਤਕਾਰ ਤੇ ਗਾਇਕ ਸਿਰਫ ਤੇ ਸਿਰਫ ਪੈਸੇ ਨੂੰ ਹੀ ਤਵੱਜੋਂ ਦੇ ਰਹੇ ਹਨ। ਭਰੂਣ ਹੱਤਿਆਂ ਦਾ ਇੱਕ ਕਾਰਨ ਜਬਰ ਜਿਨਾਹ ਅਤੇ ਲੜਕੀਆਂ ਨਾਲ ਛੇੜਛਾੜ ਦੀਆਂ ਘਟਨਾਵਾਂ ਵੀ ਹਨ। ਜੇਕਰ ਜਬਰ ਜਿਨਾਹ ਦੀਆਂ ਘਟਨਾਵਾਂ ਨਾ ਰੁਕੀਆਂ ਤਾਂ ਹੋਰ ਵੀ ਭਰੂਣ ਹੱਤਿਆਵਾਂ ਹੋਣ ਦੀ ਸੰਭਾਵਨਾ ਤੋ ਇੰਨਕਾਰ ਨਹੀਂ ਕੀਤਾ ਜਾ ਸਕਦਾ। ਜੇਕਰ ਸਰਕਾਰ ਲੜਕੀਆਂ ਨਾਲ ਛੇੜਛਾੜ ਕਰਨ ਵਾਲਿਆਂ ਵਿਰੁੱਧ ਸਖਤੀ ਵਰਤਦੀ ਹੁੰਦੀ ਤਾਂ ਅੰਮ੍ਰਿਤਸਰ 'ਚ ਆਪਣੀ ਧੀ ਦੀ ਇੱਜਤ ਬਚਾਉਦਿਆਂ ਪੰਜਾਬ ਪੁਲਿਸ ਦੇ ਥਾਣੇਦਾਰ ਨੂੰ ਆਪਣੀ ਜਾਨ ਤੋਂ ਹੱਥ ਧੋਣਾਂ ਨਾ ਪੈਂਦਾ। ਕਿਤੇ ਨਾ ਕਿਤੇ ਇੰਨ੍ਹਾਂ ਮੁਲਜ਼ਮਾਂ ਨੂੰ ਸਿਆਸੀ ਪੁਸ਼ਤਪੁਨਾਹੀ ਜਰੂਰ ਮਿਲ ਰਹੀ ਹੈ। ਲੁਧਿਆਣਾ ਦੇ ਇੱਕ ਉੱਚ ਪੁਲਿਸ ਅਧਿਕਾਰੀ ਦੀ ਸਿਆਸੀ ਧਿਰ ਦੇ ਇੱਕ ਆਗੂ ਵੱਲੋਂ ਕੀਤੀ ਗਈ ਕੁੱਟਮਾਰ ਨੇ ਮਿਲ ਰਹੀ ਸਿਆਸੀ ਸ਼ਹਿ ਦੇ ਪਾਜ਼ ਨੰਗੇ ਕਰਕੇ ਰੱਖ ਦਿੱਤੇ। ਰਾਸ਼ਟਰੀ ਅਪਰਾਧ ਬਿਊਰੋ ਦੇ ਅੰਕੜੇ ਸਿਰਫ ਸਰਕਾਰੀ ਫਾਈਲਾਂ ਦਾ ਹੀ ਸੱਚ ਹੈ ਅਤੇ ਇਸ ਬਾਰੇ ਆਪਾਂ ਸਭ ਨੂੰ ਹੀ ਪਤਾ ਹੈ ਕਿ ਸਰਕਾਰੀ ਫਾਈਲਾਂ ਕਿੰਨੀਆਂ ਕੁ ਸੱਚੀਆਂ ਹੁੰਦੀਆਂ ਹਨ। ਗਾਣਿਆਂ, ਫ਼ਿਲਮਾਂ 'ਚ ਅਕਸਰ ਹੀ ਸਕੂਲਾਂ-ਕਾਲਜਾਂ 'ਚ ਲਵ ਸਟੋਰੀਆ, ਲੜਕੀਆਂ ਨਾਲ ਛੇੜਛਾੜ, ਅਗਵਾ ਕਰਕੇ ਬਲਾਤਕਾਰ ਦੀਆਂ ਘਟਨਾਵਾਂ ਕਿਸੇ ਤੋਂ ਵੀ ਲੁਕਵੀਆਂ ਨਹੀਂ ਹਨ, ਫ਼ਿਲਮਾਂ 'ਚ ਜਿੰਨ੍ਹਾਂ ਚਰਿੱਤਰਾਂ ਨੂੰ ਕਾਲਪਲਿਕ ਕਰਕੇ ਦਰਸਾਇਆ ਜਾਂਦਾ ਹੈ, ਉਹੀ ਅੱਜ ਜਾਂਦੇ ਸਮਾਜ 'ਚ ਵਾਪਰ ਰਹੀਆਂ ਹਨ। ਅਜਿਹੇ ਹਾਲਾਤਾਂ 'ਚ ਅਸੀਂ ਦੋਸ਼ ਕਿਸਨੂੰ ਦੇ ਸਕਦੇ ਹਾਂ। ਮੈਂ ਕੱਲ੍ਹ ਹੀ ਬੈਠਾ ਇੱਕ ਗਾਣਾ ਸੁਣ ਰਿਹਾ ਸੀ ਕਿ ੨ਜਾਨ ਤੇਰੀ ਦੀ ਚੁੰਨੀ ਹਵਾ ਵਿੱਚ ਉੱਡਾਤੀ ਵੇ" ਇਹ ਗੀਤ ਸਾਡੇ ਸਮਾਜ ਨੂੰ ਕੀ ਸੁਨੇਹਾ ਦੇ ਰਹੇ ਹਨ?

ਜਬਰ ਜਿਨਾਹ ਦੇ ਮਾਮਲਿਆਂ 'ਚ ਪੁਲਿਸ ਤੁਰੰਤ ਕਾਰਵਾਈ ਕਰੇ ਅਤੇ 50 ਦਿਨਾਂ 'ਚ ਸਖਤ ਦਿਲ ਕੰਬਾਊ ਸਜਾਵਾਂ ਦਿੱਤੀਆਂ ਜਾਣ, ਜਿਸ ਨਾਲ ਹੋਰ ਲੋਕਾਂ ਦੇ ਦਿਲ 'ਚ ਵੀ ਸਹਿਮ ਭਰਿਆ ਜਾਵੇ। ਇਸਦੇ ਲਈ ਸਮੁੱਚੇ ਲੋਕਾਂ ਨੂੰ ਇੱਕ ਪਲੇਟਫ਼ਾਰਮ ਰਾਹੀਂ ਸਰਕਾਰ ਤੇ ਦਬਾਅ ਬਣਾਉਣਾ ਪਵੇਗਾ। ਇਸਤੋਂ ਇਲਾਵਾ ਫ਼ਿਲਮਾਂ, ਪੰਜਾਬੀ ਗਾਣਿਆਂ, ਵੀਡੀਓ ਵਿੱਚ ਔਰਤ ਅਤੇ ਲੜਕੀਆਂ ਦਾ ਕਿਰਦਾਰ ਇੱਕ ਕਾਮੁਕ ਵਸਤੂ ਤੋਂ ਹਟਾ ਕੇ ਮਨੁੱਖ ਤੇ ਲਿਆਉਣਾ ਪਵੇਗਾ। ਔਰਤਾਂ ਨੂੰ ਵੀ ਆਪਣੇ ਖਿਲਾਫ਼ ਹੋ ਰਹੀਆਂ ਵਧੀਕੀਆਂ ਵਿਰੁੱਧ ਚੁੱਪ ਕਰਕੇ ਨਹੀਂ ਬੈਠਣਾ ਚਾਹੀਦਾ, ਸਗੋਂ ਜਿਥੇ ਔਰਤਾਂ ਤੇ ਲੜਕੀਆਂ ਨੂੰ ਸਵੈ-ਪੜਚੋਲ ਕਰਕੇ ਪਹਿਰਾਵੇ, ਤੋਰ ਤਰੀਕਿਆਂ, ਬੈਠਣ-ਉੱਠਣ ਦੇ ਸਲੀਕਿਆਂ ਤੋਂ ਹੋਰ ਵਧੇਰੇ ਜਾਣੂ ਹੋਣ ਦੀ ਲੋੜ ਹੈ, ਉਥੇ ਗੰਦੇ ਗੀਤਾਂ ਦੇ ਰਚੈਤਾ ਅਤੇ ਵੀਡੀਓ ਅਤੇ ਪ੍ਰੋਡਿਊਸਰਾਂ ਦੇ ਖਿਲਾਫ਼ ਡੱਟ ਕੇ ਸੰਘਰਸ਼ ਵਿੱਢਣ ਦੀ ਲੋੜ ਹੈ। ਮੈਂ ਇਸ ਲੇਖ ਜਰੀਏ ਧੁੰਦ 'ਚ ਗੁਆਚੀ ਜਾ ਰਹੀ ਇਨਸਾਨੀਅਤ ਨੂੰ ਇੱਕ ਤਪਸ਼ ਵਾਲੀ ਧੁੱਪ ਜਰੀਏ ਬਾਹਰ ਕੱਢਣ ਦਾ ਯਤਨ ਕੀਤਾ ਹੈ, ਬਾਕੀ ਮੈਂ ਇਸ ਲੇਖ ਜਰੀਏ ਧੀਆਂ ਨੂੰ ਇਹ ਵੀ ਕਹਿਣਾ ਚਾਹੂੰਗਾਂ ਕਿ ਕੁੜੀਓ ! ਆਪਣੀ ਇੱਜਤ ਤੁਹਾਡੇ ਆਪਣੇ ਹੱਥ ਹੈ। ਇੰਟਰਨੈਟ ਦੀ ਵਰਤੋਂ ਕਰਕੇ ਜਿਥੇ ਸਾਡੇ ਦੇਸ਼ ਨੂੰ ਹਰ ਪਾਸੇ ਨਾਲ ਜੋੜ ਦਿੱਤਾ ਹੈ, ਉਥੇ ਇੰਟਰਨੈਟ ਤੇ ਗੈਰ ਮਿਆਰੀ ਤਸਵੀਰਾਂ ਤੇ ਹੋਰ ਪਰੋਸਿਆ ਜਾ ਰਹੇ ਅਸ਼ਲੀਪੁਣੇ ਤੋਂ ਦੂਰ ਰਹੋ। ਕਾਮ ਉਤੇਜਕ ਢੰਗ ਨਾਲ ਲੜਕੀਆਂ ਦੀਆਂ ਤਸਵੀਰਾਂ ਨੂੰ ਜਿਸ ਤਰ੍ਹਾਂ ਸ਼ੋਸ਼ਲ ਵੈਬਸਾਈਟਾਂ 'ਤੇ ਪਰੋਸਿਆ ਜਾ ਰਿਹਾ ਹੈ, ਉਸਤੇ ਹਰ ਇੱਕ ਮਰਦ ਨੂੰ ਕੁਮੈਂਟ ਕਰਨ ਤੋਂ ਪਹਿਲਾਂ ਆਪਣੀ ਭੈਣ, ਮਾਤਾ ਨੂੰ ਅੱਖਾਂ ਮੂਹਰੇ ਰੱਖ ਕੇ ਸੋਚਣ ਦੀ ਲੋੜ ਹੈ। ਇਕੱਲਾ ਦੋਸ਼ ਲੜਕਿਆਂ ਦਾ ਵੀ ਨਹੀਂ, ਬਾਕੀ ਇੱਕ ਗੱਲ ਹੋਰ ਕਹਿਣਾ ਚਾਹੂੰਗਾ ਕਿ ਹਰ ਬੇਟੀ ਇਹ ਸੋਚੇ ਕਿ ਲੋਕ ਧੀਆਂ ਜੰਮਣ ਤੋਂ ਕਿਉਂ ਡਰਦੇ ਨੇ ? ਅਤੇ ਅਜਿਹੀ ਸਥਿਤੀ 'ਚ ਇਕੱਲੇ ਮਾਪਿਆਂ ਨੂੰ ਭਰੂਣ ਹੱਤਿਆ ਲਈ ਜਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਅਤੇ ਸਾਡਾ ਸਮਾਜ ਵੀ ਭਰੂਣ ਹੱਤਿਆ ਲਈ ਬਰਾਬਰ ਦਾ ਜਿੰਮੇਵਾਰ ਹੈ।



-ਰਾਜੇਸ਼ਵਰ ਪਿੰਟੂ, ਐਡਵੋਕੇਟ
ਮੋਬਾਇਲ 98553-22886



# ਨਲਕੇ ਦੀ ਕਹਾਣੀ ਨਲਕੇ ਦੀ ਜ਼ੁਬਾਨੀ...



ਜਸਵੀਰ ਸ਼ਰਮਾਂ ਦੱਦਾਹੂਰ
95691-49556

ਸਤਿਕਾਰਿਤ ਦੋਸਤੋ ਅੱਜ ਤੁਸੀਂ ਮੈਨੂੰ ਭੁੱਲਦੇ ਜਾ ਰਹੇ ਹੋਂ, ਕਿਉਂਕਿ ਤੁਸੀਂ ਹੁਣ ਬਹੁਤ ਤਰੱਕੀ ਕਰ ਲਈ ਹੈ ਇੱਕੀਵੀਂ ਸਦੀ ਵਿਚ ਪੈਰ ਧਰਨ ਕਰਕੇ ਅਗਾਂਹ ਵਧੂ ਖਿਆਲਾਂ ਦੇ ਵਿੱਚ ਸਦਾ ਹੀ ਖੋਏ ਰਹਿੰਦੇ ਹੋਂ।ਪਰ ਆਮ ਕਹਾਵਤ ਹੈ ਕਿ ਜੋ ਬੰਦਾ ਆਪਣੇ ਅਤੀਤ ਨੂੰ ਭੁੱਲ ਜਾਂਦਾ ਹੈ ਓਹ ਤਾਂ.. ਤੁਸੀਂ ਸਮਝ ਹੀ ਗਏ ਹੋਵੋਂਗੇ ਕਿ ਮੈਂ ਕੀ ਕਹਿਣਾ ਚਾਹੁੰਦਾ ਹਾਂ, ਪਰ ਮੈਂ ਬੇਜਾਨ ਚੀਜ਼ ਜਿਸ ਨਾਲ ਤੁਹਡੀ ਸਦੀਆਂ ਤੋਂ ਸਾਂਝ ਰਹੀ ਹੋਵੇ ਓਹ ਭਲਾਂ ਕੋਈ ਮਾੜਾ ਸ਼ਬਦ ਤੁਹਾਨੂੰ ਕਿਵੇਂ ਬੋਲ ਸਕਦਾ ਹੈ ? ਮੈਂ ਮਾੜੇ ਸ਼ਬਦ ਬੋਲਕੇ ਅਕਿਰਤਘਣਾ ਵਾਲਾ ਧੱਬਾ ਆਪਣੇ ਉੱਪਰ ਨਹੀਂ ਲਵਾਉਣਾ ਚਾਹੁੰਦਾ।

ਚਲੋ ਖੈਰ ਮੈਨੂੰ ਤਾਂ ਅੱਜ ਵੀ ਕੁੱਲ ਲੁਕਾਈ ਨਾਲ ਪਿਆਰ ਮੁਹੱਬਤ ਹੈ। ਦੋਸਤੋ ਪਿਛਲੇ ਸਮਿਆਂ ਤੇ ਥੋੜੀ ਜਿਹੀ ਝਾਤ ਮਾਰੋ, ਜਦੋਂ ਮੇਰੇ ਨਾਲ ਤੁਹਾਡੀ ਵੀ ਤੂਤੀ ਬੋਲਦੀ ਹੁੰਦੀ ਸੀ।ਹਰ ਮੋੜ ਤੇ ਸਾਰੀਆਂ ਹੀ ਪੰਚਾਇਤੀ ਥਾਵਾਂ ਤੇ,ਹਰ ਚੌਰਾਹੇ ਵਿਚ ਬਹੁਤ ਸਾਰੀਆਂ ਐਸੀ ਥਾਵਾਂ ਤੇ ਸੜਕਾਂ ਤੇ ਜਾਂ ਕੱਚਿਆਂ ਰਾਹਾਂ ਤੇ ਤੁਸੀਂ ਚਾਈਂ ਚਾਈਂ ਮੈਨੂੰ ਆਪ ਲਵਾਉਂਦੇ ਰਹੇ ਹੋਂ। ਓਦੋਂ ਤਾਂ ਦੋਸਤੋ ਇਹ ਗੱਲ ਵੀ ਸਿਖਰਾਂ ਤੇ ਰਹੀ ਹੈ ਕਿ ਪਾਣੀ ਪਿਲਾਉਣ ਦਾ ਤੇ ਥਾਂ ਥਾਂ ਉੱਤੇ ਮੈਨੂੰ ਲਵਾਉਣ ਦਾ ਪੁੰਨ ਹੀ ਬਹੁਤ ਵੱਡਾ ਲਗਦਾ ਸੀ ਇਹ ਗੱਲ ਤੁਸੀਂ ਆਪ ਹੀ ਮੂੰਹੋਂ ਕਿਹਾ ਕਰਦੇ ਸੀ।ਪਰ ਹੁਣ ਮੇਰਾ ਖਿਆਲ ਹੈ ਕਿ ਤੁਹਾਨੂੰ ਪੁੰਨ ਪਾਪ ਦੀ ਪ੍ਰੀਭਾਸ਼ਾ ਹੀ ਭੁੱਲ ਗਈ ਲੱਗਦੀ ਹੈ, ਕਿਉਂਕਿ ਤੁਸੀਂ ਬਹੁਤ ਪੈਸੇ ਵਾਲੇ ਤੇ ਅਮੀਰ ਹੋ ਚੁੱਕੇ ਹੋਂ। ਚਲੋ ਕਿਹੜਾ ਮੇਰਾ ਤੁਹਾਡੇ ਉੱਪਰ ਕੋਈ ਜ਼ੋਰ ਹੈ ਮੈਂ ਤਾਂ ਆਖਿਰ ਨਾ ਜਾਨ ਚੀਜ਼ ਜੋ ਹੋਇਆ।

ਪਰ ਤੁਸੀਂ ਓਹ ਸਮੇਂ ਭੁੱਲ ਗਏ ਜਦੋਂ ਜੇਠ ਹਾੜ ਦੀਆਂ ਧੁੱਪਾਂ ਲੂਆਂ ਵਿੱਚ ਮੈਨੂੰ ਥੋੜਾ ਜਿਹਾ ਹਿਲਾ ਕੇ ਪਿਆਸ ਬੁਝਾ ਕੇ ਕਹਿੰਦੇ ਹੁੰਦੇ ਸੀ ਆਹਾ.. ਜਾਨ ਚ ਜਾਨ ਆਈ।ਮੈਨੂੰ ਤੁਸੀਂ ਓਨਾਂ ਸਮਿਆਂ ਦੇ ਵਿੱਚ ਤਿੰਨ ਚਾਰ ਨਮੂਨਿਆਂ ਵਿੱਚ ਵੇਖਦੇ ਰਹੇ ਹੋਂ।ਮੈਨੂੰ ਕੁੱਤਾ ਨਲਕਾ ਵੀ ਤੋਤਾ ਨਲਕਾ ਵੀ ਵੱਡਾ ਛੋਟਾ ਨਲਕਾ ਵੀ ਕਹਿ ਲੈਂਦੇ ਸੀ।ਪਰ ਮੈਨੂੰ ਤੁਸੀਂ ਜਿੱਥੇ ਵੀ ਲਾ ਦਿੰਦੇ ਰਹੇ ਹੋਂ ਮੈਂ ਓਥੇ ਹੀ ਜੇਠ ਹਾੜ ਦੀਆਂ ਧੁੱਪਾਂ ਲੂਆਂ ਤੇ ਝੱਖੜ ਝੋਲਿਆਂ ਦੇ ਵਿੱਚ ਅਡੋਲ ਖੜਾ ਰਹਿਕੇ ਜੀਅ ਜਾਨ ਨਾਲ ਤੁਹਾਨੂੰ ਠੰਡੇ ਪਾਣੀ ਦੇ ਨਜ਼ਾਰਿਆਂ ਨਾਲ ਤਰੋ ਤਾਜਾ ਕਰਦਾ ਰਿਹਾ ਹਾਂ,ਇਹੀ ਮੇਰੀ ਤਾਸੀਰ ਸੀ ਤੇ ਇਹੀ ਮੇਰਾ ਫਰਜ਼ ਸੀ। ਹਾਂ ਮੈਂ ਭੁੱਲ ਗਿਆ ਸੀ ਰੇਲਵੇ ਸਟੇਸ਼ਨ ਤੇ ਵੀ ਮੇਰੀ ਇੱਕ ਹੋਰ ਵੀ ਵੱਖਰੀ ਕਿਸਮ ਹੁੰਦੀ ਸੀ,ਪਰ ਕੰਮ ਮੇਰਾ ਹਰ ਥਾਂ ਤੇ ਇੱਕੋ ਇੱਕ ਰਿਹਾ ਹੈ ਤਪਦੇ ਹਿਰਦਿਆਂ ਨੂੰ ਠੰਡਕ ਪਹੁੰਚਾਉਣੀ ਜਿਸ ਨੂੰ ਮੈਂ ਆਪਣੀ ਜੀਅ ਜਾਨ ਨਾਲ ਨਿਭਾਇਆ ਹੈ। ਕਦੇ ਕਦੇ ਤਾਂ ਮੇਰੀ ਬਾਂਹ ਵੀ ਚੋਰ ਲੈ ਜਾਦੇ ਜਿਸ ਕਰਕੇ ਮੈਂ ਬਾਂਹ ਬਿਨ ਵਾਂਝਾ ਹੋ ਜਾਂਦਾ ਸਾਂ ਤੇ ਤੁਹਾਡੀ ਸੇਵਾ ਕਰਨ ਤੋਂ ਅਸਮਰਥ ਹੋ ਜਾਂਦਾ ਸਾਂ। ਪਿੰਡਾਂ ਦੀਆਂ ਪੰਚਾਇਤਾਂ ਮੈਨੂੰ ਥਾਂ ਥਾਂ ਲਵਾਉਂਦੀਆ ਰਹੀਆਂ ਹਨ।

ਉਨਾਂ ਸਮਿਆਂ ਵਿੱਚ ਧਰਤੀ ਹੇਠਲਾ ਪਾਣੀ ਨੇੜੇ ਵੀ ਹੁੰਦਾ ਸੀ ਤੇ ਹੁੰਦਾ ਵੀ ਸ਼ਹਿਦ ਵਰਗਾ ਮਿੱਠਾ ਸੀ ਤੇ ਦੇ ਤੁਸੀਂ ਮੈਨੂੰ ਕਿਤੇ ਨਹਿਰ ਦੇ ਕਿਨਾਰੇ ਤੇ ਲਵਾ ਦਿੰਦੇ ਸੀ ਤਾਂ ਫਿਰ ਕਿਆ ਬਾਤਾਂ ਹੁੰਦੀਆਂ ਸਨ ਠੰਡਾ ਪਾਣੀ ਤੇ ਨਾਲ ਹੀ ਹਾਜ਼ਮੇਦਾਰ ਵੀ ਸੀ।ਸ਼ਾਇਦ ਦੋਸਤੋ ਤੁਹਾਨੂੰ ਯਾਦ ਹੋਵੇਗਾ ਕਿ ਕਿਤੇ ਕਿਤੇ ਤਾਂ ਮੇਰੇ ਪਾਣੀ ਪੀਣ ਲਈ ਬਹੁਤ ਵੱਡੀਆਂ ਵੱਡੀਆਂ ਲਾਈਨਾਂ ਵੀ ਲੱਗ ਜਾਂਦੀਆਂ ਸਨ ਤੇ ਹੁਣ ਵੀ ਕਿਤੇ ਕਿਤੇ ਮੈਂ ਓਹ ਆਪਣੀ ਡਿਊਟੀ ਖੂਬ ਨਿਭਾ ਵੀ ਰਿਹਾ ਹਾਂ। ਵੈਸੇ ਮੈਂ ਓਦੋਂ ਬਹੁਤ ਖੁਸ਼ ਹੁੰਦਾ ਹੈ ਜਦੋਂ ਲਾਈਨਾਂ ਦੇ ਵਿੱਚ ਲੱਗਕੇ ਤੇ ਆਪਣੀ ਵਾਰੀ ਉਡੀਕ ਕੇ ਬਹੁਤ ਸਾਰੇ ਮੈਨੂੰ ਪਿਆਰ ਕਰਨ ਵਾਲੇ ਤੇ ਮੈਨੂੰ ਚਾਹੁਣ ਵਾਲੇ ਮੈਥੋਂ ਪਾਣੀ ਲੈਕੇ ਆਪਣੀ ਤੇ ਆਪਣੇ ਪਰਿਵਾਰਾਂ ਦੀ ਪਿਆਸ ਬੁਝਾਉਂਦੇ ਹਨ, ਓਦੋਂ ਮੈਨੂੰ ਆਪਣੀ ਜਵਾਨੀ ਵੀ ਯਾਦ ਆ ਜਾਂਦੀ ਹੈ। ਹਾਂ ਇੱਕ ਗੱਲ ਹੋਰ ਹੁਣ ਤੁਸੀਂ ਬਹੁਤ ਤਰੱਕੀ ਕਰ ਲਈ ਹੈ ਤੁਹਾਡੇ ਸਭਨਾਂ ਕੋਲ ਹੀ ਹੱਥਾਂ ਚ ਮੋਬਾਇਲ ਫੜੇ ਹੋਏ ਹਨ ਤੇ ਕਦੇ ਕਦੇ ਤੁਸੀਂ ਵੀਡੀਓ ਕਲਿੱਪ ਵਿੱਚ ਮੇਰੀ ਵੱਡੀ ਬਾਂਹ ਵਾਲੇ ਵੱਡੇ ਭਰਾ ਤੋਂ ਕਈ ਬਹੁਤ ਤਿਹਾਏ ਪਸ਼ੂ ਵੀ ਮੇਰੀ ਬਾਂਹ ਨੂੰ ਵਾਰ ਵਾਰ ਹੇਠ ਉੱਤੇ ਕਰਕੇ ਭਾਵ ਮੈਨੂੰ ਗੇੜਕੇ ਪਾਣੀ ਪੀ ਕੇ ਆਪਣੀ ਪਿਆਸ ਬੁਝਾਉਂਦੇ ਵੇਖੇ ਵੀ ਹੋਣਗੇ। ਪਰ ਹੁਣ ਤੁਹਾਡੇ ਵਿੱਚ ਵੀ ਮੇਰੇ ਦੋਸਤੋ ਬਹੁਤ ਕਮੀਆਂ ਆ ਗਈਆਂ ਹਨ ਕਿਉਂਕਿ ਤੁਸੀਂ ਜ਼ਹਿਰੀਲੀਆਂ ਦਵਾਈਆਂ ਤੇ ਸਪਰੇਆਂ ਫਸਲਾਂ ਤੇ ਛਿੜਕ ਛਿੜਕ ਕੇ ਪਾਣੀ ਨੂੰ ਜਹਿਰੀਲਾ ਕਰ ਦਿੱਤਾ ਹੈ, ਤੇ ਪਾਣੀ ਦੀ ਸੰਭਾਲ ਕਰਨੋਂ ਵੀ ਕੰਨੀ ਕਤਰਾਉਣ ਲੱਗ ਪਏ ਹੋਂ।ਇਸ ਕਰਕੇ ਮੈਨੂੰ ਹੁਣ ਥਾ ਥਾਂ ਤੇ ਲਵਾਉਣਾ ਬਹੁਤ ਮਹਿੰਗਾ ਪੈਂਦਾ ਹੈ, ਪਾਣੀ ਡੂੰਘੇ ,ਖਾਰੇ ਤੇ ਜ਼ਹਿਰੀ ਹੋ ਚੁੱਕਿਆ ਹੈ।ਪਹਿਲਾਂ ਮੈਨੂੰ ਤੁਸੀਂ ਕਿਤੇ ਕਿਤੇ ਪਿੰਡਾਂ ਤੋਂ ਬਾਹਰਵਾਰ ਸਾਂਝੀਆਂ ਥਾਵਾਂ ਤੇ ਵੀ ਲਵਾਉਂਦੇ ਰਹੇ ਹੋਂ ਕਿਉਂਕਿ ਓਥੇ ਪਾਣੀ ਮਿੱਠਾ ਨਿਕਲ਼ਿਆ ਕਰਦਾ ਸੀ ਤੇ ਮੈਂ ਵੀ ਕਿਸੇ ਦਰੱਖ਼ਤ ਦੀ ਸੰਘਣੀ ਛਾਂ ਵਿੱਚ ਅਡੋਲ ਖੜਾ ਰਹਿੰਦਾ ਸੀ ਤੇ ਮੈਨੂੰ ਕਦੇ ਕਿਸੇ ਨੇ ਨੁਕਸਾਨ ਵੀ ਨਹੀਂ ਸੀ ਪਹੁੰਚਾਇਆ।ਹੁਣ ਤਾਂ ਮੈਂ ਜਿਥੇ ਕਿਤੇ ਕਿਤੇ ਬਹੁਤ ਦੇਰ ਤੋਂ ਲੱਗਿਆ ਹੋਇਆ ਹਾਂ ਓਥੇ ਥੱਲੇ ਪਾਣੀ ਨਹੀਂ ਕਰਕੇ ਬੱਚਿਆਂ ਦੇ ਤੇ ਵੱਡਿਆਂ ਦੇ ਦੰਦ ਵੀ ਤੋੜ ਦਿੰਦਾ ਹਾਂ ਕਿਉਂਕਿ ਮੈਨੂੰ ਥੱਲਿਓਂ ਮੇਰੀ ਖੁਰਾਕ ਹੀ ਨਹੀਂ ਮਿਲਦੀ ਤੇ ਫਿਰ ਦੱਸੋ ਮੈਂ ਤੁਹਾਡੀ ਪਿਆਸ ਕਿਵੇਂ ਬੁਝਾਵਾਂ ? ਹਾਂ ਕਿਸੇ ਕਿਸੇ ਜਗਾ ਤੇ ਕਿਸੇ ਕਿਸੇ ਪਿੰਡ ਵਿੱਚ ਅੱਜ ਵੀ ਮੈਨੂੰ ਲੋਕ ਭੁੱਲੇ ਨਹੀਂ ਹਨ ਤੇ ਮੇਰੀ ਜੀਅ ਜਾਨ ਨਾਲ ਸੰਭਾਲ ਵੀ ਕਰਦੇ ਨੇ ਤੇ ਮੈਨੂੰ ਪਿਆਰ ਵੀ ਕਰਦੇ ਨੇ।ਕਈ ਕਈ ਨਹਿਰੀ ਕਿਨਾਰਿਆਂ ਤੇ ਵੀ ਮੈਂ ਹਾਲੇ ਆਪਣੀ ਹੋਂਦ ਨੂੰ ਸੰਭਾਲੀ ਬੈਠਾ ਹਾਂ ਪਰ ਆਪਣੇ ਚਾਹੁਣ ਵਾਲਿਆਂ ਨੂੰ ਹਮੇਸ਼ਾਂ ਉਡੀਕਦਾ ਰਹਿੰਦਾ ਹਾਂ।ਹੁਣ ਤੁਸੀਂ ਘਰ ਘਰ ਮੱਛੀ ਮੋਟਰਾਂ ਲਵਾ ਲਈਆਂ ਹਨ, ਉੱਤੇ ਟੁਲੂ ਪੰਪ ਲਵਾ ਕੇ ਵੱਡੀਆਂ ਵੱਡੀਆਂ ਕੋਠੀਆਂ ਪਾ ਕੇ ਉੱਤੇ ਵੱਡੀਆਂ ਵੱਡੀਆਂ ਟੈਂਕੀਆਂ ਬਣਾ ਕੇ ਉੱਤੇ ਪਾਣੀ ਚੜਾਂ ਲੈਂਦੇ ਹੋਂ ਤੇ ਹਰ ਘਰ ਵਿੱਚ ਆਰ ਓ ਲੱਗੇ ਹੋਏ ਕਰਕੇ ਮੇਰੀ ਲੋੜ ਕੀ ਤੁਹਾਨੂੰ ਮਹਿਸੂਸ ਨਹੀਂ ਹੁੰਦੀ।ਇਸੇ ਤਰਾਂ ਸਰਕਾਰ ਨੇ ਵੀ ਸਰਕਾਰੀ ਥਾਵਾਂ ਤੇ ਸਰਕਾਰੀ ਆਰ ਓ ਸਿਸਟਮ ਲਵਾ ਦਿੱਤੇ ਹਨ ਤੇ ਤਾਂਹੀਓਂ ਮੇਰੀ ਲੋੜ ਤੁਹਾਨੂੰ ਘਟਗੀ ਜਾਪਦੀ ਹੈ। ਚਲੋ ਓਹ ਦੋਸਤੋ ਤੁਹਡੀ ਆਪਣੀ ਸੋਚਣੀ ਆਂ ਤੁਹਾਡੀ ਮਰਜੀ ਹੈ,ਪਰ ਮੈਂ ਤਾਂ ਅੱਜ ਵੀ ਤੁਹਾਡੇ ਲਈ ਸਦਾ ਹਾਜਰ ਹਾਂ ਜਦੋਂ ਮਰਜ਼ੀ ਮੈਨੂੰ ਜਿਥੇ ਮਰਜੀ ਲਵਾਓ ਮੈਂ ਧੁੱਪ ਦੇ ਵਿੱਚ ਆਪਣੇ ਆਪ ਨੂੰ ਸਾੜਕੇ ਵੀ ਤੁਹਾਡੀ ਸੇਵਾ ਲਈ ਹਾਜ਼ਰ ਹਾਂ।

ਹਾਂ ਸੱਚ ਇੱਕ ਤਾਂ ਬਹੁਤ ਹੀ ਮੁੱਦੇ ਦੀ ਗੱਲ ਮੈਂ ਭੁੱਲ ਹੀ ਗਿਆ ਸਾਂ ਕਿ ਹੁਣ ਤੁਹਾਨੂੰ ਡਾਕਟਰਾਂ ਨੇ ਖੜਕੇ ਜਾਂ ਕੋਡੇ ਹੋਕੇ ਪਾਣੀ ਪੀਣ ਤੋਂ ਵੀ ਰੋਕਿਆ ਹੋਇਆ ਹੈ ਕਿਉਂਕਿ ਡਾਕਟਰਾਂ ਮੁਤਾਬਕ ਇਉਂ ਪਾਣੀ ਪੀਣ ਨਾਲ ਸਿਹਤ ਤੰਦਰੁਸਤ ਨਹੀਂ ਰਹਿੰਦੀ, ਪਰ ਮੇਰੇ ਸਤਿਕਾਰਯੋਗ ਦੋਸਤੋ ਪਹਿਲਾਂ ਵਾਲੇ ਸਮਿਆਂ ਵਿੱਚ ਤੁਸੀਂ ਜਦੋਂ ਮੈਥੋਂ ਪਾਣੀ ਪੀਂਦੇ ਸਾਂ ਓਦੋਂ ਵੀ ਤਾਂ ਕੋਡੇ ਹੋਕੇ ਹੀ ਪੀਂਦੇ ਰਹੇ ਹੋਂ ?ਕੀ ਕਦੇ ਸਿਰ ਵੀ ਦੁਖਿਆ ਸੀ ਤੁਹਾਡਾ ? ਗੱਲ ਤਾਂ ਸਮੇਂ ਸਮੇਂ ਦੀ ਹੈ ਦੋਸਤੋ ਮੈਂ ਤਾਂ ਇਹੀ ਕਹਾਂਗਾ ਕਿ ਇਸ ਸਾਰੀ ਆਈ ਤਬਦੀਲੀ ਲਈ ਪਾਣੀ ਦੀ ਸੰਭਾਲ ਨਾ ਕਰਨ ਲਈ ਤੇ ਪਾਣੀ ਨੂੰ ਜਹਿਰੀਲਾ ਕਰਨ ਲਈ ਤੁਸੀਂ ਖੁਦ ਹੀ ਜ਼ਿੰਮੇਵਾਰ ਹੋਂ। ਮੈਂ ਅੱਜ ਵੀ ਤੁਹਾਡੇ ਲਈ ਆਪਣੇ ਆਪ ਨੂੰ ਧੁੱਪ ਦੇ ਵਿੱਚ ਅਡੋਲ ਰਹਿ ਕੇ ਵੀ ਤੁਹਾਡੀ ਸੇਵਾ ਲਈ ਸਦਾ ਤਿਆਰ ਹਾਂ।ਹਾਂ ਓਨਾਂ ਦੋਸਤਾਂ ਦਾ ਮੈਂ ਸਦਾ ਤਹਿ ਦਿਲੋਂ ਰਿਣੀ ਹਾਂ ਜੋ ਅੱਜ ਵੀ ਮੈਨੂੰ ਵਰਤਦੇ ਹਨ ਬੇਸ਼ੱਕ ਮੇਰੇ ਰੂਪ ਦੇ ਵਿੱਚ ਸਮੇਂ ਦੇ ਨਾਲ ਨਾਲ ਫ਼ਓਮਪ;ਰਕ ਪੈ ਚੱਲਿਆ ਹੈ ਕਿ ਮੈਂ ਪਹਿਲਾਂ ਪਹਿਲਾਂ ਤਾਂ ਸਾਰਾ ਹੀ ਜਿਸਤੀ ਪਾਈਪਾਂ ਦਾ ਰਿਹਾ ਹਾਂ ਤਾਂ ਫਿਲਟਰ ਵੀ ਪਿੱਤਲ ਦਾ ਹੋਇਆ ਕਰਦਾ ਸੀ ਪਰ ਹੁਣ ਜਿਉਂ ਜਿਉਂ ਪਾਣੀ ਖਾਰੇ ਤੇ ਸ਼ਓਰੇ ਵਾਲੇ ਹੋਏ ਨੇ ਓਦੋਂ ਤੋਂ ਮੇਰਾ ਰੂਪ ਤੁਸੀ ਉੱਪਰਲੀ ਮਸ਼ੀਨ ਤੋਂ ਬਿਨਾਂ ਸਾਰਾ ਹੀ ਪਲਾਸਟਿਕ ਦਾ ਕਰ ਦਿੱਤਾ ਹੈ। ਓਨਾਂ ਸਮਿਆਂ ਦੇ ਵਿੱਚ ਛੋਟੇ ਛੋਟੇ ਮਸੂਮ ਬੱਚੇ ਮੈਨੂੰ ਗੇੜਕੇ ਆਪਣੀਆਂ ਫੱਟੀਆਂ ਪੋਚਦੇ ਰਹੇ ਹਨ,ਪਰ ਹੁਣ ਤੁਸੀਂ ਦੋਸਤੋ ਸਾਰਿਆਂ ਨੇ ਰਲਮਿਲ ਕੇ ਮੇਰੀ ਹੀ ਪੱਟੀ ਪੋਚ ਦਿੱਤੀ ਹੈ। ਨਲਕਿਆਂ ਤੋਂ ਪਾਣੀ ਭਰਦੀਆਂ ਮੁਟਿਆਰਾਂ ਤੇ ਕਈ ਗੀਤ ਵੀ ਲਿਖੇ ਗਏ ਹਨ।ਸੋ ਦੋਸਤੋ ਓਨਾਂ ਸਾਂਝਾਂ ਨੂੰ ਕਾਇਮ ਰੱਖਦਿਆਂ ਆਪ ਸੱਭ ਦੋਸਤਾਂ ਨੂੰ ਸਨਿਮਰ ਬੇਨਤੀ ਹੈ ਕਿ ਮੇਰੀ ਹੋਂਦ ਨੂੰ ਮਿਟਾਓ ਨਾ ਮੈਨੂੰ ਬਚਾ ਕੇ ਰੱਖੋ... ਚਲੋ ਖੈਰ ਇਹ ਤੁਹਾਡੀ ਵੀ ਮਜਬੂਰੀ ਹੈ ਮੈਂ ਸਮਝਦਾ ਹਾਂ,ਪਰ ਭੁਲਾਓ ਨਾ ਮੇਰੇ ਦੋਸਤੋ ਆਪਣੀ ਸਾਂਝ ਯੁਗਾਂ ਤੋਂ ਚਲੀ ਆਉਂਦੀ ਕਰਕੇ ਹੀ ਬੜੇ ਮਾਣ ਨਾਲ ਤੁਹਾਨੂੰ ਮੈਂ ਬੇਨਤੀ ਕਰਦਾ ਹਾਂ ਜੇਕਰ ਕਿਤੇ ਤੁਹਾਡੀ ਸ਼ਾਨ ਦੇ ਵਿੱਚ ਕੋਈ ਸ਼ਬਦ ਵੱਧ ਘੱਟ ਬੋਲਿਆ ਗਿਆ ਹੋਵੇ ਤਾਂ ਮੈਂ ਮੁਆਫੀ ਚਾਹੁੰਦਾ ਹਾਂ। ਸਦੀਆਂ ਤੋਂ ਤੁਹਾਡਾ ਸਾਥੀ ਨਲਕਾ।ਆਮੀਨ..

# ਮੁੱਲ ਖਰੀਦੀ ਗੁਲਾਮੀ

ਅਜੇ ਇੱਕ ਦੋ ਰਿਸ਼ਤੇਦਾਰ ਜਾਣ ਵਾਲੇ ਰਹਿੰਦੇ ਸਨ ਉਹ ਵੀ ਤਾਂ ਰਿਹ ਪਏ ਕਿਉਂਕਿ ਦੂਰ ਦੇ ਸਨ ਉਹਨਾਂ ਦਾ ਉਸੇ ਦਿਨ ਮੁੜਣਾ ਔਖਾ ਸੀ। ਜੱਦ ਦੂਜੇ ਦਿਨ ਤੜਕਸਾਰ ਜਾਂਦੇ ਹੋਏ ਉਹ ਅਮਰਜੀਤ ਨੂੰ ਕਹਿਣ ਲੱਗੇ "ਕਾਕਾ ਹੁਣ ਜਲਦੀ ਗੇੜਾ ਮਾਰ ਜਾਇਆ ਕਰੀਂ ਤੂੰ ਤਾਂ ਬੇਬੇ ਦੇ ਵੀ ਆਖਰੀ ਦਰਸ਼ਨ ਨਾ ਕਰ ਸਕਿਆ ਤੇ ਹੁਣ ਬਜੁਰਗ ਵਾਰੀ ਵੀ ਤੂੰ ਮਸਾਂ ਭੋਗ ਤੇ ਹੀ ਅਪੜਿਆਂ ਹੈਂ " ਇਹ ਸੁਣ ਕੇ ਅਮਰਜੀਤ ਦੇ ਦਿਲ ਨੂੰ ਟੀਸ ਜਹੀ ਪਹੁੰਚੀ ਜਿਵੇ ਕਿ ਇਹ ਸਾਰਾ ਕੁੱਝ ਉਸ ਦੇ ਵੱਸ'ਚ ਹੋਵੇ ਤੇ ਜਾਣਬੁਝ ਕੇ ਨਾ ਆਇਆ ਹੋਵੇ। ਉਹ ਅੱਖਾਂ ਪੂੰਝਦਿਆਂ ਹੋਇਆਂ ਸਿਰ ਸੁਟੀ ਸੁਣੀ ਜਾਂਦਾ ਸੀ। ਪਰ ਉਹ ਉਨ੍ਹਾਂ ਨੂੰ ਕਿਸ ਤਰ੍ਹਾਂ ਸਮਝਾਉਦਾ ਕਿ ਮਾਪਿਆਂ ਨੂੰ ਸੁੱਖ ਦੇਣ ਲਈ ਕਿੰਝ ਏਜੰਟਾਂ ਦੇ ਦੱਸੇ ਰਾਹਾਂ ਤੇ ਕਦੀ ਸਮੁੰਦਰ ਰਾਂਹੀਂ ਤੇ ਕਦੇ ਕੰਡਿਆਲੀਆਂ ਤਾਰਾਂ ਨੂੰ ਟੱਪ ਕੇ ਅਣਜਾਣੇ ਲੋਕਾਂ ਤੇ ਅਣਜਾਣੇ ਦੇਸਾਂ ਵਿੱਚੋ ਦੀ ਹੁੰਦਾ ਹੋਇਆ ਕਈ ਕਈ ਦਿਨ ਬਿਨਾ ਕੁੱਝ ਖਾਧੇ ਪੀਤੇ ਤੇ ਵਗੈਰ ਨਹਾਤੇ ਹੋਏ ਫਟੇ ਪੁਰਾਣੇ ਕਪੜਿਆਂ ਵਿੱਚ ਕਿੰਨੇ ਦਿਨ ਬਤੀਤ ਕਰ ਛੱਡਣੇ ਫਿਰ ਕਾਫੀ ਲੰਮਾ ਸਮਾਂ ਗੁਜਾਰ ਕੇ ਕਿੱਤੇ ਟਿਕਾਣੇ ਪੁੱਜਾ। ਪਰ ਉਸਦੇ ਦਿਲ ਨੂੰ ਬਾਪੂ ਦੇ ਮੋਤ ਦੇ ਨਾਲ ਨਾਲ ਇਹ ਗੱਲ ਜਿਆਦਾ ਦੁੱਖ ਦੇ ਰਹੀ ਸੀ ਕਿ ਜੱਦ ਵੀ ਉਸ ਨੇ ਬਾਪੂ ਨੂੰ ਫੋਨ ਕਰਨਾ ਕਿ ਮੈਂ ਹੋਰ ਅਗਾਂਹ ਅਗਲੇ ਮੁਲਕ ਜਾਣਾ ਹੈ ਤਾਂ ਭੇਜਣ ਵਾਲੇ ਪੈਸੇ ਮੰਗਦੇ ਹਨ ਤਾਂ ਬਾਪੂ ਕਦੇ ਸਿਰੜ ਨਹੀਂ ਵੱਟਣੀ ਸਗੋਂ ਹੋਸਲਾ ਦੇਣਾ "ਕੋਈ ਨਾ ਤੂੰ ਤਕੜਾ ਹੋ ਕੇ ਆਪਣੀ ਤਰੱਕੀ ਬਾਰੇ ਸੋਚ ਮੈਂ ਪੈਸਿਆਂ ਦਾ ਇੰਤਜਾਮ ਕਰ ਲਵਾਂਗਾ ਤੇ ਦੇ ਦਵਾਂਗਾ ਉਨ੍ਹਾਂ ਨੂੰ " ਅਮਰਜੀਤ ਸੋਚੇ ਕਿ ਪਤਾ ਨਹੀਂ ਸੀ ਕਿ ਬਾਪੂ ਕਰਜੇ ਫੜਦਾ ਤੇ ਕਦੀ ਜਮੀਨ ਦਾ ਟੱਕ ਗਹਿਣੇ ਰੱਖ ਕੇ ਮੈਨੂੰ ਪੈਸੇ ਭੇਜ਼ ਕਿੰਝ ਭੇਜ਼ ਦਿੰਦਾ ਸੀ।ਆਖਰ ਮੈਂ ਵਿਦੇਸ ਵਿੱਚ ਪੱਕਾ ਹੋ ਗਿਆ। ਪਰ ਅੱਜ ਪਿਉ ਦੀ ਅਰਥੀ ਨੂੰ ਮੋਢਾ ਦੇਣ ਲਈ ਵੀ ਨਾ ਪੁੱਜ ਸਕਣਾ ਮੇਰੇ ਲਈ ਜਿੰਦਗੀ ਦੀ ਸਭ ਤੋਂ ਦੁਖਦਾਈ ਗੱਲ ਸੀ। ਇੰਝ ਜਾਪਦਾ ਸੀ ਕਿ ਜਿਵੇਂ ਮੈਂ ਬਾਪੂ ਦੀ ਨੇਕ ਕਮਾਈ ਨਾਲ ਮੁੱਲ ਖਰੀਦੀ ਗੁਲਾਮੀ ਦੀ ਜਿੰਦਗੀ ਬਤੀਤ ਕਰ ਰਿਹਾ ਹੋਵਾਂ ਕਿਉਂਕਿ ਜੱਦ ਵੀ ਮੈਂ ਆਪਣੇ ਪਿੰਡ ਆਉਣ ਨੂੰ ਵਿਦੇਸ਼ੀ ਮਾਲਕ ਨੂੰ ਕਹਿਣਾ ਤਾਂ ਉਸ ਨੇ ਜਵਾਬ ਦੇਣਾ "ਚਲੇ ਤਾਂ ਤੂੰ ਜਾ ਪਰ ਅਸੀਂ ਤੇਰੀ ਜਗ੍ਹਾ ਤੇ ਕੋਈ ਹੋਰ ਬੰਦਾ ਰੱਖ ਲੈਣਾ ਹੈ ਤੇ ਤੂੰ ਆਉਣੇ ਵੇਲੇ ਹੋਰ ਕੰਮ ਤਲਾਸ ਕਰ ਲਵੀਂ " ਬਸ ਮਾਲਕ ਦੇ ਇਸੇ ਜਵਾਬ ਕਰਕੇ ਹੀ ਮੈਂ ਖਿਚੋ ਤਾਣੀ'ਚ ਫਸਿਆ ਨਾ ਤੇ ਮਾਂ ਅਤੇ ਨਾ ਹੀ ਬਾਪੂ ਦਾ ਮੂੰਹ ਵੇਖ ਸਕਿਆ।ਜਾਣ ਵਾਲੇ ਰਿਸ਼ਤੇਦਾਰ ਨੇ ਅਮਰਜੀਤ ਨੂੰ ਮੋਢੇ ਤੋਂ ਹਿਲਾ ਕੇ ਕਿਹਾ ਕਿਹੜੀ ਸੋਚੀਂ ਪੈ ਗਿਆ ਤਾਂ ਅਮਰਜੀਤ ਨੇ ਤਰਬਭੱਕ ਕੇ ਕਿਹਾ "ਹਾਂ ਜੀ ਜਲਦੀ ਹੀ ਆ ਜਾਇਆ ਕਰਾਂਗਾ" ਕਿਹ ਕੇ ਫਿਰ ਚੁੱਪ ਖੜਾ ਸੋਚ ਰਿਹਾ ਸੀ ਕਿ ਪਹਿਲਾਂ ਤਾਂ ਆਸ ਸੀ ਕਿ ਮੇਰੇ ਆਉਣ ਤੇ ਸ਼ਗਨ ਮਨਾਏ ਜਾਣਗੇ ਦਰਾਂ ਤੇ ਤੇਲ ਚੋ ਕੇ ਮਾਂ ਅੰਦਰ ਵੜਣ ਤੇ ਹੱਥ ਉੱਤੇ ਖੰਡ ਧਰ ਕੇ ਲੰਘਾਵੇਗੀ, ਹੁਣ ਤਾਂ ਆਏ ਜਾ ਨਾ ਆਏ ਇੱਕੋ ਜਿਹਾ ਹੀ ਲੱਘਣ ਲੱਗਾ।

ਵਿਨੋਦ ਫਕੀਰਾ, ਸਟੇਟ ਐਵਾਰਡੀ
ਮੋ.9872197326

# ਹੌਕਾ



ਇੱਕ ਪਿੰਡ ਵਿੱਚ ਬਹੁਤ ਜਿਆਦਾ ਮਿਹਨਤ ਕਰਨ ਵਾਲਾ ਇੱਕ ਕਿਸਾਨ ਬਾਪੂ ਬਿਸ਼ਨ ਸਿੰਘ ਰਹਿੰਦਾ ਸੀ। ਉਸਦੇ ਦੇ ਦੋ ਪੁੱਤ ਅਤੇ ਦੋ ਧੀਆਂ ਸਨ। ਬਾਪੂ ਨੇ ਬਹੁਤ ਮਿਹਨਤ ਕੀਤੀ ਅਤੇ ਜਿੰਨੇ ਜੋਗਾ ਸੀ ਉਸ ਤੋਂ ਕਈ ਗੁਣਾਂ ਵੱਧ ਉਸ ਨੇ ਆਪਣੇ ਬੱਚਿਆਂ ਨੂੰ ਪਿਆਰ ਤੇ ਚੰਗੀ ਪਰਵਰਿਸ਼ ਦਿੱਤੀ। ਬਾਪੂ ਜੀ ਉਸ ਸਮੇਂ ਬਹੁਤ ਜਵਾਨ ਅਤੇ ਤਕੜੇ ਸਰੀਰ ਦੇ ਹੋਇਆ ਕਰਦੇ ਸਨ ਕਿਉਂਕਿ ਉਨ੍ਹਾਂ ਨੇ ਆਪਣੇ ਸਮੇਂ ਦੀਆਂ ਪੁਰਾਣੀਆਂ ਖੁਰਾਕਾਂ ਖਾਧੀਆਂ ਹੋਈਆਂ ਸਨ। ਉਹ ਸਵੇਰ ਹੁੰਦੇ ਹੀ ਖੇਤਾਂ ਵਿੱਚ ਆਪਣੇ ਬਲਦਾਂ ਨਾਲ ਹਲ ਜੋੜ ਕੇ ਲੈ ਜਾਂਦਾ ਤੇ ਜਦੋਂ ਤੱਕ 10 ਵਜੇ ਦੀ ਕੜਕਦੀ ਹੋਈ ਧੁੱਪ ਨਿਕਲਦੀ ਉਸ ਸਮੇਂ ਤੱਕ ਤਾਂ ਬਾਬਾ ਬਿਸ਼ਨ ਸਿੰਘ ਆਪਣੇ ਖੇਤ ਦੀ ਇੱਕ ਏਕੜ ਜਮੀਨ ਨੂੰ ਤਾਂ ਹਲਾਂ ਨਾਲ ਵਾਹ ਚੁੱਕਾ ਹੁੰਦਾ ਸੀ। ਉਹ ਕਦੇ ਵੀ ਆਪਣੇ ਆਪ ਨੂੰ ਥੱਕਿਆ ਹੋਇਆ ਮਹਿਸੂਸ ਨਹੀਂ ਕਰਦਾ ਸੀ। ਭਾਵੇਂ ਉਸਦੇ ਸਰੀਰ ਨੂੰ ਤਾਂ ਥਕਾਵਟ ਮਹਿਸੂਸ ਹੁੰਦੀ ਹੀ ਸੀ ਪਰ ਉਹ ਆਪਣੇ ਬੱਚਿਆਂ ਦੇ ਸਾਹਮਣੇ ਆਪਣੀ ਥਕਾਵਟ ਨੂੰ ਜਾਹਰ ਨਹੀਂ ਸੀ ਹੋਣ ਦਿੰਦਾ। ਤਾਂ ਜੋ ਉਸਦੇ ਬੱਚੇ ਉਸਨੂੰ ਦੇਖ ਕੇ ਦੁਖੀ ਨਾ ਹੋਣ ਜਾਣ। ਉਹ ਨਹੀਂ ਸੀ ਚਾਹੁੰਦਾ ਕਿ ਉਸਦੇ ਬੱਚਿਆਂ ਦੇ ਬਚਪਨ ਦੀ ਖੁਸ਼ੀ ਦੇ ਰੰਗ ਵਿੱਚ ਉਹ ਭੰਗ ਪਾਵੇ। ਬੱਚੇ ਵੀ ਬਹੁਤ ਪਿਆਰ ਨਾਲ ਪੇਸ਼ ਆਉਂਦੇ ਸਨ। ਜਦੋਂ ਵੀ ਉਨ੍ਹਾਂ ਨੇ ਕਿਸੇ ਵੀ ਚੀਜ ਦੀ ਮੰਗ ਕਰਨੀ ਤਾਂ ਬਾਪੂ ਬਿਸ਼ਨ ਸਿੰਘ ਨੇ ਆਪਣੇ ਬੱਚਿਆਂ ਦੀ ਮੰਗ ਨੂੰ ਛੇਤੀ ਤੋਂ ਛੇਤੀ ਪੂਰਾ ਕਰਨ ਦੀ ਕੋਸ਼ਿਸ਼ ਜਰੂਰ ਕਰਨੀ ਹੁੰਦੀ ਤੇ ਕਈ ਵਾਰ ਤਾਂ ਬੱਚਿਆਂ ਦੀ ਕਿਸੇ ਚੀਜ ਦੀ ਮੰਗ ਕਰਦਿਆਂ ਨਾਲ ਹੀ ਬਾਪੂ ਉਨ੍ਹਾਂ ਲਈ ਸ਼ਹਿਰ ਜਾ ਕੇ ਕੁਝ ਹੀ ਸਮੇਂ ਵਿੱਚ ਉਹ ਚੀਜ ਬੱਚਿਆਂ ਲਈ ਪੇਸ਼ ਕਰ ਦਿੰਦਾ। ਬੱਚੇ ਵੀ ਆਪਣੇ ਪਿਤਾ ਦੇ ਇਸ ਸੁਭਾਅ ਤੋਂ ਬਹੁਤ ਖੁਸ਼ ਹੁੰਦੇ ਤੇ ਪਿਆਰ ਕਰਦੇ। ਉਸਨੇ ਆਪਣੇ ਬੱਚਿਆਂ ਲਈ ਇੱਕ ਚੰਗੇ ਭਵਿੱਖ ਦਾ ਵੀ ਸੁਪਨਾ ਵੇਖਿਆ। ਉਹ ਚਾਹੁੰਦਾ ਸੀ ਕਿ ਉਸਦੇ ਪੁੱਤ ਅਤੇ ਧੀਆਂ ਪੜ੍ਹ-ਲਿਖ ਕੇ ਕਿਸੇ ਵਧੀਆ ਮੁਕਾਮ ਤੇ ਪਹੁੰਚ ਜਾਣ ਪਰ ਸ਼ਾਇਦ ਕਿਸਮਤ ਨੂੰ ਇਹ ਮਨਜ਼ੂਰ ਨਹੀਂ ਸੀ। ਬੱਚੇ ਪੜ੍ਹ-ਲਿਖ ਵੀ ਗਏ ਤੇ ਆਪਣੇ ਕੰਮ ਵੀ ਕਰਨ ਲੱਗੇ।

ਸਮਾਂ ਬੀਤਦਾ ਗਿਆ। ਫਿਰ ਉਹ ਦਿਨ ਆਇਆ ਜਿਸ ਦਾ ਬਾਪੂ ਨੂੰ ਵਰ੍ਹਿਆਂ ਤੋਂ ਇੰਤਜਾਰ ਸੀ। ਉਸਨੇ ਆਪਣੇ ਵੱਡੇ ਪੁੱਤ ਦਾ ਵਿਆਹ ਕਰ ਦਿੱਤਾ। ਵਿਆਹ ਤੋਂ ਬਾਅਦ ਕੁੱਝ ਸਮਾਂ ਤਾਂ ਨੂੰਹ ਅਤੇ ਪੁੱਤਰ ਬਾਪੂ ਜੀ ਦੇ ਨਾਲ ਹੀ ਰਹੇ ਪਰ ਇਹ ਸਮਾਂ ਜਿਆਦਾ ਦੇਰ ਤੱਕ ਨਾ ਠਹਿਰਿਆ। ਬਾਪੂ ਦੀਆਂ ਆਸਾਂ ਅਤੇ ਉਮੀਦਾਂ ਤੇ ਉਸ ਸਮੇਂ ਪਾਣੀ ਫਿਰ ਗਿਆ ਜਦੋਂ ਨੂੰਹ ਨੇ ਘਰੋਂ ਵੱਖ ਹੋਣ ਦੀ ਗੱਲ ਆਪਣੇ ਪਤੀ ਨਾਲ ਕੀਤੀ। ਬਾਪੂ ਦੇ ਵੱਡੇ ਪੁੱਤ ਨੇ ਆ ਕੇ ਕਿਹਾ ਕਿ ਅਸੀਂ ਤੁਹਾਡੇ ਨਾਲ ਹੁਣ ਹੋਰ ਸਮਾਂ ਨਹੀਂ ਰਹਿਣਾ ਚਾਹੁੰਦੇ ਅਤੇ ਆਪਣਾ ਅਲੱਗ ਤੋਂ ਘਰ ਬਣਾਉਣਾ ਹੈ , ਇਸ ਲਈ ਤੁਸੀਂ ਸਾਨੂੰ ਸਾਡੇ ਹਿੱਸੇ ਦੀ ਜਮੀਨ ਦੇ ਦਿਓ। ਬਾਪੂ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਤੇ ਉਹ ਆਪਣੇ ਪੁੱਤ ਨੂੰ ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਤੱਕਦਾ ਰਿਹਾ। ਬਾਪੂ ਜੀ ਨੇ ਪੁੱਤ ਦੇ ਕਹਿਣ ਤੇ ਜਮੀਨ ਦੋਵਾਂ ਪੁੱਤਾਂ ਵਿੱਚ ਬਰਾਬਰ ਵੰਡ ਦਿੱਤੀ ਅਤੇ ਉਸ ਜਮੀਨ ਦਾ ਇੱਕ ਛੋਟਾ ਜਿਹਾ ਹਿੱਸਾ ਦੋ ਕਿਲੇ ਆਪ ਰੱਖ ਲਏ ਅਤੇ ਬਾਕੀ 10-10 ਕਿਲੇ ਆਪਣੇ ਦੋ ਪੱਤਰਾਂ ਨੂੰ ਦੇ ਦਿੱਤੇ। ਜਿਵੇਂ ਜਿਵੇਂ ਸਮਾਂ ਬੀਤਿਆ ਬਾਪੂ ਜੀ ਦੀ ਹਾਲਤ ਠੀਕ ਨਾ ਰਹਿਣ ਲੱਗੀ। ਉਸ ਦੀ ਅੱਖਾਂ ਦੀ ਰੋਸ਼ਨੀ ਵੀ ਹੁਣ ਜਿਆਦਾ ਚੰਗੀ ਨਹੀਂ ਸੀ। ਜਿਸ ਕਰਕੇ ਉਸਨੇ ਆਪਣੇ ਦੋਹਾਂ ਪੁੱਤਾਂ ਨੂੰ ਆਪਣੀਆਂ ਅੱਖਾਂ ਦੇ ਇਲਾਜ ਲਈ ਕਿਹਾ। ਪੁੱਤਾਂ ਨੇ ਝੱਟ ਹਾਂ ਕਰ ਦਿੱਤੀ। ਇਹ ਇੱਕ ਬੜੀ ਹੀ ਹੈਰਾਨੀ ਵਾਲੀ ਗੱਲ ਸੀ ਕਿ ਕੱਲ ਤੱਕ ਜਿਹੜੇ ਪੁੱਤ ਉਸਨੂੰ ਵੇਖ ਕੇ ਵੀ ਖੁਸ਼ ਨਹੀਂ ਸਨ ਅੱਜ ਉਹ ਕਿਵੇਂ ਬਾਪੂ ਜੀ ਦੀ ਨਿਗ੍ਹਾਂ ਦਾ ਇਲਾਜ ਕਰਵਾਉਣ ਲਈ ਵੀ ਤਿਆਰ ਹੋ ਗਏ। ਹੁਣ ਉਹ ਬਾਪੂ ਨੂੰ ਸ਼ਹਿਰ ਲੈ ਗਏ ਤੇ ਹਸਪਤਾਲ ਲਿਜਾਣ ਦੀ ਥਾਂ ਉਹ ਉਨ੍ਹਾਂ ਨੂੰ ਕਚਹਿਰੀ ਵਿੱਚ ਲੈ ਗਏ। ਬਾਪੂ ਦੀ ਘੱਟ ਨਜਰ ਦਾ ਫਾਇਦਾ ਦੋਹਾਂ ਪੁੱਤਾਂ ਨੇ ਖੂਬ ਉਠਾਇਆ। ਉਨ੍ਹਾਂ ਨੇ ਬਾਪੂ ਦੇ ਨਾਂ ਰਹਿੰਦੀ ਦੋ ਕਿਲੇ ਜਮੀਨ ਵੀ ਆਪਣੇ ਨਾਂ ਲਗਵਾ ਲਈ। ਬਾਪੂ ਦੀ ਜੁਬਾਨ ਉੱਥੇ ਹੀ ਬੰਦ ਹੋ ਗਈ। ਫਿਰ ਜਦੋਂ ਬਾਪੂ ਨੂੰ ਘਰ ਲੈ ਕੇ ਆਇਆ ਗਿਆ ਤਾਂ ਉਹਨਾਂ ਨੇ ਇਸ ਗੱਲ ਦਾ ਹੌਕਾ ਖਿੱਚਿਆ ਕਿ ਜਿਹੜੇ ਪੁੱਤਾਂ ਲਈ ਉਸਨੇ ਐਨੇ ਸੁਪਨੇ ਦੇਖੇ ਸਨ ਉਹ ਅੱਜ ਉਸ ਨਾਲ ਇਸ ਤਰ੍ਹਾਂ ਕਰਨਗੇ ਜਿਸ ਬਾਰੇ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ। ਇਹ ਗੱਲ ਸੋਚਦੇ ਹੀ ਬਾਪੂ ਅਚਾਨਕ ਧਰਤੀ ਤੇ ਡਿੱਗ ਪਿਆ। ਬਾਪੂ ਦੀਆਂ ਅੱਖਾਂ ਹੁਣ ਉਨ੍ਹਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ ਜੋ ਉਨ੍ਹਾਂ ਦੇ ਦਿਲ ਦੀ ਗੱਲ ਦੱਸ ਰਹੀਆਂ ਸਨ , ਜਿਹੜੀ ਗੱਲ ਉਸ ਦੀ ਜੁਬਾਨ ਨਹੀਂ ਸੀ ਦੱਸ ਸਕੀ। ਬਾਪੂ ਨੇ ਇਸ ਗੱਲ ਦਾ ਹੌਕਾ ਖਿੱਚਿਆ ਸੀ ਤੇ ਜਦੋਂ ਡਾਕਟਰ ਨੂੰ ਬੁਲਾਇਆ ਗਿਆ ਤਾਂ ਡਾਕਟਰ ਨੇ ਕਿਹਾ ਕਿ ਇਹ ਆਪਣਾ ਸਰੀਰ ਛੱਡ ਚੁੱਕੇ ਸਨ।

ਗੀਤਾ ਜੋਸਨ (ਮਮਦੋਟ) ਫਿਰੋਜਪੁਰ
ਸੰਪਰਕ-9646568045

# ਅਜਿਹਾ ਦੇਸ ਜਿੱਥੇ ਏਟੀਐੱਮ ਤੋਂ ਅਣਜਾਣ ਲੋਕ ਤੇ ਸਿਮ ਕਾਰਡ ਹਾਸਲ ਕਰਨਾ ਵੀ ਔਖਾ






ਏਰੀਟਰੀਆ ਨੂੰ ਅਫ਼ਰੀਕਾ ਦੇ ਸਭ ਤੋਂ ਦਮਨਕਾਰੀ ਸੂਬਿਆਂ 'ਚੋਂ ਇੱਕ ਮੰਨਿਆ ਜਾਂਦਾ ਹੈ, ਜਿੱਥੋਂ ਦੇ ਲੋਕ ਬੁਨਿਆਦੀ ਸਿਆਸੀ ਅਤੇ ਧਾਰਮਿਕ ਆਜ਼ਾਦੀ ਤੋਂ ਸੱਖਣੇ ਹਨ। ਅਜਿਹੇ 'ਚ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ 1993 'ਚ ਇਥੋਪੀਆ ਤੋਂ ਅਧਿਕਾਰਤ ਤੌਰ 'ਤੇ ਸੁਤੰਤਰ ਹੋਣ ਤੋਂ ਬਾਅਦ ਹੁਣ ਤੱਕ ਇੱਥੇ ਇੱਕ ਹੀ ਪਾਰਟੀ ਨੇ ਸੱਤਾ ਸੰਭਾਲੀ ਹੋਈ ਹੈ। ਸਰਕਾਰ ਨੇ ਵਿਰੋਧੀ ਪਾਰਟੀਆਂ ਅਤੇ ਸਥਾਨਕ ਮੀਡੀਆ 'ਤੇ ਪਾਬੰਦੀਆਂ ਲਾਈਆਂ, ਆਲੋਚਕਾਂ ਨੂੰ ਹਿਰਾਸਤ 'ਚ ਲਿਆ, ਜਿੰਨ੍ਹਾਂ 'ਚੋਂ ਕਈਆਂ ਬਾਰੇ ਤਾਂ ਕਿਸੇ ਨੂੰ ਕੁੱਝ ਪਤਾ ਵੀ ਨਹੀਂ ਹੈ ਅਤੇ ਨੌਜਵਾਨਾਂ 'ਤੇ ਲਾਜ਼ਮੀ ਤੌਰ 'ਤੇ ਫ਼ੌਜੀ ਭਰਤੀ ਦਾ ਦਬਾਅ ਪਾਇਆ। ਇਸੇ ਕਾਰਨ ਹੀ ਏਰੀਟਰੀਆ ਦੇ ਲੱਖਾਂ ਦੀ ਗਿਣਤੀ 'ਚ ਨਾਗਰਿਕਾਂ ਨੇ ਇੱਥੋਂ ਪਰਵਾਸ ਕਰਨ 'ਚ ਹੀ ਸਮਝਦਾਰੀ ਸਮਝੀ। ਕੁੱਝ ਤਾਂ ਯੂਰਪ ਪਹੁੰਚਣ ਦੇ ਯਤਨਾਂ 'ਚ ਸਹਾਰਾ ਮਾਰੂਥਲ ਅਤੇ ਮੈਡੀਟੇਰੀਅਨ ਸਾਗਰ ਨੂੰ ਪਾਰ ਕਰਦਿਆਂ ਆਪਣੀਆਂ ਜਾਨਾਂ ਗਵਾ ਬੈਠੇ। ਬੀਬੀਸੀ ਦੇ ਅਮਹਾਰਿਕ ਦੇ ਜੀਬਤ ਤਮੀਰਤ ਨੇ ਹਾਲ 'ਚ ਹੀ ਇੱਥੋਂ ਦਾ ਦੌਰਾ ਕੀਤਾ। ਇਸ ਦੌਰਾਨ ਉਸ ਨੇ ਸਰਕਾਰ ਦੇ ਲੋਕਾਂ ਦੀ ਜ਼ਿੰਦਗੀ 'ਤੇ ਅਸਧਾਰਨ ਨਿਯੰਤਰਣ ਬਾਰੇ ਲਿਖਿਆ।

**1. ਮੁਸ਼ਕਲ ਨਾਲ ਹਾਸਲ ਹੁੰਦੇ ਹਨ ਸਿਮ ਕਾਰਡ**

ਸਿਮ ਕਾਰਡ ਤਾਂ ਇੱਥੇ ਬਹੁਤ ਹੀ ਮੁਸ਼ਕਲ ਨਾਲ ਹਾਸਲ ਹੁੰਦੇ ਹਨ। ਸਰਕਾਰੀ ਮਾਲਕੀ ਵਾਲੇ ਏਰੀਟੈਲ ਦੂਰ ਸੰਚਾਰ ਸੇਵਾਵਾਂ ਦੇਣ ਵਾਲਾ ਇੱਕੋ ਇੱਕ ਮਾਧਿਅਮ ਹੈ। ਏਰੀਟੈਲ ਵਲੋਂ ਜੋ ਸੇਵਾ ਦਿੱਤੀ ਵੀ ਜਾਂਦੀ ਹੈ ਉਹ ਬਹੁਤ ਮਾੜੀ ਹੈ ਅਤੇ ਇਸ 'ਤੇ ਪੂਰੀ ਤਰ੍ਹਾਂ ਨਾਲ ਸਰਕਾਰ ਦਾ ਹੀ ਨਿਯੰਤਰਣ ਹੈ। ਕੌਮਾਂਤਰੀ ਦੂਰ ਸੰਚਾਰ ਯੂਨੀਅਨ ਵਲੋਂ ਪੇਸ਼ ਕੀਤੀ ਗਈ ਇੱਕ ਰਿਪੋਰਟ ਮੁਤਾਬਿਕ ਏਰੀਟਰੀਆ 'ਚ ਇੰਟਰਨੈੱਟ ਸਿਰਫ਼ 1% ਤੋਂ ਉੱਪਰ ਹੈ। ਏਰੀਟਰੀਆ 'ਚ ਸਿਮ ਕਾਰਡ ਵੀ ਬਹੁਤ ਮਸ਼ਕਤ ਤੋਂ ਬਾਅਦ ਹਾਸਲ ਹੁੰਦੇ ਹਨ। ਇੱਥੋਂ ਦੇ ਨਾਗਰਿਕਾਂ ਨੂੰ ਸਿਮ ਕਾਰਡ ਲਈ ਸਥਾਨਕ ਸਰਕਾਰਾਂ ਬਾਰੇ ਪ੍ਰਸ਼ਾਸਨ ਅੱਗੇ ਦਰਖ਼ਾਸਤ ਦੇਣੀ ਪੈਂਦੀ ਹੈ। ਜੇਕਰ ਤੁਸੀਂ ਸਿਮ ਕਾਰਡ ਹਾਸਲ ਕਰ ਵੀ ਲੈਂਦੇ ਹੋ ਤਾਂ ਤੁਸੀਂ ਉਸ ਦੀ ਵਰਤੋਂ ਇੰਟਰਨੈੱਟ ਸੇਵਾਵਾਂ ਲਈ ਨਹੀਂ ਕਰ ਸਕਦੇ ਹੋ, ਕਿਉਂਕਿ ਇੱਥੇ ਕੋਈ ਮੋਬਾਇਲ ਡਾਟਾ ਹੀ ਨਹੀਂ ਹੈ। ਲੋਕ ਸਿਰਫ ਵਾਈਫਾਈ ਜ਼ਰੀਏ ਹੀ ਇੰਟਰਨੈੱਟ ਦੀ ਵਰਤੋਂ ਕਰ ਸਕਦੇ ਹਨ, ਜੋ ਕਿ ਬਹੁਤ ਹੀ ਹੌਲੀ ਰਫ਼ਤਾਰ ਰੱਖਦਾ ਹੈ। ਫੇਸਬੁੱਕ, ਟਵਿੱਟਰ ਵਰਗੀਆਂ ਸੋਸ਼ਲ ਮੀਡੀਆ ਸਾਈਟਾਂ ਦੀ ਵਰਤੋਂ ਕਰਨ ਲਈ ਇੱਥੋਂ ਦੇ ਲੋਕਾਂ ਵਲੋਂ ਵਰਚੁਅਲ ਪ੍ਰਾਈਵੇਟ ਨੈੱਟਵਰਕ, ਵੀਪੀਐਨ ਦਾ ਇਸਤੇਮਾਲ ਕੀਤਾ ਜਾਂਦਾ ਹੈ। ਸਿਮ ਕਾਰਡ ਲੈਣ 'ਚ ਭਾਰੀ ਮੁਸ਼ਕਲ ਹੋਣ ਕਾਰਨ ਲੋਕਾਂ ਵਲੋਂ ਅੱਜ ਵੀ ਜਨਤਕ ਭੁਗਤਾਨ ਫੋਨਾਂ (ਪਬਲਿਕ ਪੇਅ ਫੋਨ) ਦੀ ਵਰਤੋਂ ਕੀਤੀ ਜਾਂਦੀ ਹੈ। ਇੱਥੋਂ ਦੀ ਆਪਣੀ ਫੇਰੀ ਦੇ ਸ਼ੁਰੂ ਦੇ ਚਾਰ ਦਿਨਾਂ ਤੱਕ ਅਸੀਂ ਵੀ ਜਨਤਕ ਫੋਨ ਦੀ ਹੀ ਵਰਤੋਂ ਕੀਤੀ। ਫਿਰ ਸਾਨੂੰ ਤਿੰਨ ਜਾਣਿਆਂ ਨੂੰ ਇੱਕ ਹੀ ਸਿਮ ਕਾਰਡ ਮੁੱਹਈਆ ਕਰਵਾਇਆ ਗਿਆ ਜਿਸ ਨੂੰ ਕਿ ਬਾਅਦ 'ਚ ਵਾਪਸ ਕੀਤਾ ਜਾਣਾ ਸੀ।

**2. ਬੈਂਕ ਕਾਊਂਟਰਾਂ ਤੋਂ ਹੀ ਲੋਕ ਪੈਸੇ ਕਢਵਾ ਸਕਦੇ ਹਨ**

ਸਰਕਾਰ ਨੇ ਬੈਂਕ ਖਾਤਿਆਂ 'ਚ ਜਮ੍ਹਾਂ ਰਾਸ਼ੀ ਨੂੰ ਕਢਵਾਉਣ 'ਤੇ ਵੀ ਪਾਬੰਦੀਆਂ ਲਗਾਈਆਂ ਹੋਈਆਂ ਹਨ। ਸਰਕਾਰ ਵਲੋਂ ਤੈਅ ਰਾਸ਼ੀ ਹੀ ਕਢਵਾਈ ਜਾ ਸਕਦੀ ਹੈ। ਭਾਵੇਂ ਕਿ ਖਾਤਾਧਾਰਕ ਦੇ ਖਾਤੇ 'ਚ ਲੱਖਾਂ ਨਕਫਾ (ਏਰੀਟਰੀਆ ਮੁਦਰਾ) ਪਏ ਹੋਣ ਪਰ ਉਹ ਪ੍ਰਤੀ ਮਹੀਨਾ 5 ਹਜ਼ਾਰ ਨਕਫਾ ਯਾਨਿ ਕਿ 330 ਡਾਲਰ ਤੋਂ ਵੱਧ ਨਹੀਂ ਕੱਢਵਾ ਸਕਦਾ ਹੈ। ਏਰੀਟਰੀਆ ਦੀ ਰਾਜਧਾਨੀ ਅਸਮਾਰਾ ਵਿਖੇ ਇੱਕ ਨਾਗਰਿਕ ਨੇ ਦੱਸਿਆ ਕਿ 1986 'ਚ ਟੋਇਟਾ ਕੋਰੋਲਾ ਕਾਰ ਖਰੀਦਣ ਲਈ ਉਸ ਨੇ 11 ਮਹੀਨਿਆਂ ਲਈ 5 ਹਜ਼ਾਰ ਨਕਫਾ ਪ੍ਰਤੀ ਮਹੀਨਾ ਬੈਂਕ 'ਚੋਂ ਕਢਵਾਏ ਸਨ। ਫਿਰ ਜਾ ਕੇ ਉਸ ਨੇ ਵਿਕਰੇਤਾ ਨੂੰ 55 ਹਜ਼ਾਰ ਨਕਦ ਅਤੇ 55 ਹਜ਼ਾਰ ਬੈਂਕ ਰਾਹੀਂ ਟਰਾਂਸਫਰ ਕੀਤੇ ਸਨ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਉਮੀਦ ਕਰਦੀ ਹੈ ਕਿ ਸਾਰੀ ਰਕਮ ਤਬਦੀਲ ਕੀਤੀ ਜਾਵੇਗੀ ਪਰ ਕੁੱਝ ਕਾਰੋਬਾਰੀ ਨਕਦੀ ਰੱਖਣ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਬਾਅਦ 'ਚ ਇਸ ਦੀ ਬਹੁਤ ਘਾਟ ਹੋ ਜਾਂਦੀ ਹੈ। ਵਿਆਹਾਂ ਦੇ ਮੌਕੇ ਇੰਨ੍ਹਾਂ ਪਾਬੰਦੀਆਂ 'ਚ ਕੁੱਝ ਰਿਆਇਤ ਦਿੱਤੀ ਜਾਂਦੀ ਹੈ। ਦਰਅਸਲ ਇਹ ਅਜਿਹਾ ਮੌਕਾ ਹੁੰਦਾ ਹੈ ਜਦੋਂ 5 ਹਜ਼ਾਰ ਨਕਫਾ ਤੋਂ ਵੱਧ ਦੀ ਲਾਗਤ ਨਾਲ ਸਮਾਗਮਾਂ ਦਾ ਪ੍ਰਬੰਧ ਹੁੰਦਾ ਹੈ। ਜਿਸ ਵਿਅਕਤੀ ਦੇ ਘਰ ਵਿਆਹ ਸਮਾਗਮ ਹੁੰਦਾ ਹੈ ਉਹ ਸਥਾਨਕ ਸਰਕਾਰਾਂ ਦੇ ਦਫ਼ਤਰ 'ਚ ਜਾ ਕੇ ਬੈਂਕ ਦੇ ਨਾਂਅ ਇੱਕ ਪੱਤਰ ਲਿਖਵਾਉਂਦਾ ਹੈ, ਜਿਸ 'ਚ ਲਿਖਿਆ ਜਾਂਦਾ ਹੈ ਕਿ ਇਸ ਵਿਅਕਤੀ ਨੂੰ 5 ਹਜ਼ਾਰ ਨਕਫਾ ਤੋਂ ਵੱਧ ਰਾਸ਼ੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇ। ਸਰਕਾਰ ਵੱਲੋਂ ਆਪਣੇ ਹੀ ਖਾਤੇ 'ਚੋਂ ਰਾਸ਼ੀ ਕਢਵਾਉਣ ਸਬੰਧੀ ਸਰਕਾਰ ਦੀਆਂ ਪਾਬੰਦੀਆਂ 'ਤੇ ਇੱਥੋਂ ਦੇ ਲੋਕਾਂ ਦੇ ਵੱਖੋ-ਵੱਖ ਵਿਚਾਰ ਹਨ। ਕੁੱਝ ਲੋਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਲੋਕਾਂ 'ਚ ਬਚਤ ਕਰਨ ਦੀ ਆਦਤ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਨਾਲ ਹੀ ਮਹਿੰਗਾਈ 'ਤੇ ਠੱਲ ਪਾਉਣ 'ਚ ਇਹ ਕਾਰਗਰ ਹੈ। ਜਦੋਂਕਿ ਦੂਜੇ ਪਾਸੇ ਕੁੱਝ ਲੋਕਾਂ ਦਾ ਮੰਨਣਾ ਹੈ ਕਿ ਸਰਕਾਰ ਵਪਾਰਕ ਗਤੀਵਿਧੀਆਂ 'ਚ ਰੁਝਾਨ ਨਹੀਂ ਰੱਖ ਰਹੀ ਹੈ। ਇਸ ਕਰਕੇ ਹੀ ਸਰਕਾਰ ਪੈਸੇ ਦੇ ਗੇੜ ਨੂੰ ਸੀਮਤ ਰੱਖਣਾ ਚਾਹੁੰਦੀ ਹੈ। ਏਰੀਟਰੀਆ 'ਚ ਕੋਈ ਵੀ ਏਟੀਐੱਮ ਨਹੀਂ ਹੈ। ਇੱਕ ਕਾਰ ਖਰੀਦਦਾਰ ਨੇ ਸਾਨੂੰ ਦੱਸਿਆ ਕਿ ਜਦੋਂ ਪਿਛਲੇ ਸਾਲ ਏਰੀਟਰੀਆ ਅਤੇ ਇਥੋਪੀਆ ਵਿਚਾਲੇ ਚੱਲ ਰਹੀ ਜੰਗ ਖ਼ਤਮ ਹੋਈ ਤਾਂ ਦੋਵਾਂ ਮੁਲਕਾਂ ਦਰਮਿਆਨ ਸਰਹੱਦਾਂ ਨੂੰ ਖੋਲ ਦਿੱਤਾ ਗਿਆ ਸੀ। ਉਸ ਸਮੇਂ ਮੈਂ ਉੱਤਰੀ ਇਥੋਪੀਆ ਦੇ ਮੇਕੈਲੇ ਸ਼ਹਿਰ ਗਿਆ ਤਾਂ ਉੱਥੇ ਏਟੀਐੱਮ ਵੇਖ ਕੇ ਮੇਰੇ ਤਾਂ ਹੋਸ਼ ਹੀ ਉੱਡ ਗਏ ਕਿ ਕਿਵੇਂ ਲੋਕ ਇੱਕ ਮਸ਼ੀਨ 'ਚੋਂ ਵੱਡੀ ਰਕਮ ਕੱਢਵਾ ਰਹੇ ਹਨ।



**3. ਇੱਥੇ ਸਿਰਫ਼ ਇੱਕ ਹੀ ਸਥਾਨਕ ਟੈਲੀਵਿਜ਼ਨ ਸਟੇਸ਼ਨ ਮੌਜੂਦ ਹੈ**

ਸਰਕਾਰੀ ਮਾਲਕੀ ਵਾਲੇ ਏਰੀ-ਟੀਵੀ ਏਰੀਟਰੀਆ ਦਾ ਇੱਕੋ-ਇੱਕ ਟੈਲੀਵਿਜ਼ਨ ਸਟੇਸ਼ਨ ਹੈ। ਉਹ ਵੀ ਸਰਕਾਰ ਦੀ ਜ਼ੁਬਾਨ ਹੀ ਬੋਲਦਾ ਹੈ। ਪਰ ਜੇਕਰ ਤੁਹਾਡੇ ਕੋਲ ਸੈਟੇਲਾਈਟ ਡਿਸ਼ ਹੈ ਤਾਂ ਤੁਸੀਂ ਬੀਬੀਸੀ ਅਤੇ ਹੋਰ ਕੌਮਾਂਤਰੀ ਚੈਨਲਾਂ ਅਤੇ ਅਸੇਨਾ ਟੀਵੀ ਤੇ ਏਰੀਸੈੱਟ ਦੇਖ ਸਕਦੇ ਹੋ, ਜੋ ਕਿ ਸਿਆਸੀ ਰਸੂਖਦਾਰਾਂ ਵਲੋਂ ਹੀ ਚਲਾਏ ਜਾਂਦੇ ਹਨ। ਪੱਤਰਕਾਰਾਂ ਦੀ ਸੁਰੱਖਿਆ ਲਈ ਬਣੀ ਕਮੇਟੀ, ਸੀਪੀਜੇ ਨੇ ਏਰੀਟਰੀਆ 'ਚ ਮੀਡੀਆ ਦੀ ਆਜ਼ਾਦੀ ਲਈ ਆਵਾਜ਼ ਬੁਲੰਦ ਕੀਤੀ ਹੈ। ਕਮੇਟੀ ਨੇ ਕਿਹਾ ਹੈ ਕਿ ਏਰੀਟਰੀਆ ਦੁਨੀਆਂ ਦਾ ਸਭ ਤੋਂ ਸੈਂਸਰਡ ਦੇਸ ਹੈ। ਇਸ ਮਾਮਲੇ 'ਚ ਇਹ ਤਾਂ ਉੱਤਰੀ ਕੋਰੀਆ ਨੂੰ ਵੀ ਪਿੱਛੇ ਛੱਡ ਰਿਹਾ ਹੈ। ਜਰਮਨੀ ਦੇ ਇੱਕ ਅਕਾਦਮੀ ਦਾ ਹਵਾਲਾ ਦਿੰਦਿਆਂ ਕਮੇਟੀ ਨੇ ਕਿਹਾ ਹੈ ਕਿ "ਗ਼ੁਲਾਮੀ ਦੌਰਾਨ ਰੇਡਿਓ ਸਟੇਸ਼ਨਾਂ ਦੇ ਸੈਟੇਲਾਈਟ ਪ੍ਰਸਾਰਣ 'ਚ ਕਈ ਵਾਰ ਸਿਗਨਲ ਜਾਮ ਕਰਕੇ ਅਤੇ ਖਰਾਬ ਇੰਟਰਨੈੱਟ ਸੇਵਾ ਕਰਕੇ ਰੁਕਾਵਟ ਖੜ੍ਹੀ ਹੁੰਦੀ ਹੈ। ਹਾਲਾਂਕਿ ਸੂਚਨਾ ਮੰਤਰੀ ਯੇਮਾਨੇ ਮਸਕੇਲ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਏਰੀਟੇਰੀਆ ਇੱਕ "ਸੌੜੇ" ਸਮਾਜ ਦੀ ਅਗਵਾਈ ਕਰ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਸਬਿਆਂ ਅਤੇ ਸ਼ਹਿਰਾਂ 'ਚ 91% ਤੋਂ ਵੀ ਵੱਧ ਘਰਾਂ 'ਚ ਸੈਟੇਲਾਈਟ ਡਿਸ਼ ਹਨ ਅਤੇ 650 ਤੋਂ ਵੀ ਵੱਧ ਕੌਮਾਂਤਰੀ ਚੈਨਲ ਡਿਸ਼ ਜ਼ਰੀਏ ਵਿਖਾਏ ਜਾਂਦੇ ਹਨ। ਆਪਣੀ ਇਸ ਗੱਲ ਦੀ ਪੁਸ਼ਟੀ ਕਰਨ ਲਈ ਉਨ੍ਹਾਂ ਵਲੋਂ ਕੁੱਝ ਤਸਵੀਰਾਂ ਵੀ ਟਵੀਟ ਕੀਤੀਆਂ ਗਈਆਂ ਹਨ।

**4. ਇੱਕ ਸ਼ਰਾਬ ਦੀ ਭੱਠੀ**

ਏਰੀਟਰੀਆ 'ਚ ਅਸਮਾਰਾ ਬਰੂਅਰੀ ਨਾਂਅ ਦੀ ਇੱਕੋ ਇੱਕ ਬਰੂਅਰੀ ਹੈ, ਜਿਸ ਦੀ ਸਥਾਪਨਾ 1939 'ਚ ਇਟਲੀ ਦੇ ਇੱਕ ਇੰਜੀਨੀਅਰ ਲਿਊਗੀ ਮੇਲੋਟੀਆ ਵਲੋਂ ਕੀਤੀ ਗਈ ਸੀ। ਆਮ ਨਾਗਰਿਕਾਂ ਨੇ ਸਾਨੂੰ ਦੱਸਿਆ ਕਿ ਹਾਲ 'ਚ ਹੀ ਉਨ੍ਹਾਂ ਨੂੰ ਬਾਰ 'ਚ ਇੱਕ ਸਮੇਂ ਸਿਰਫ਼ ਦੋ ਹੀ ਬੀਅਰ ਪੀਣ ਦੀ ਇਜਾਜ਼ਤ ਸੀ। ਇਸ ਲਈ ਉਹ ਆਪਣੇ ਨਾਲ ਉਨ੍ਹਾਂ ਲੋਕਾਂ ਨੂੰ ਰੱਖਦੇ ਸਨ ਜੋ ਕਿ ਬੀਅਰ ਪੀਂਦੇ ਨਹੀਂ ਸਨ ਅਤੇ ਉਨ੍ਹਾਂ ਦੇ ਹਿੱਸੇ ਦੀ ਬੀਅਰ ਵੀ ਉਹ ਲੋਕ ਆਪ ਹੀ ਚਾੜ ਜਾਂਦੇ ਸਨ। ਏੱਥੋਂ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਕੁੱਝ ਮਹੀਨੇ ਪਹਿਲਾਂ ਹੀ ਬਰੂਅਰੀ ਨੂੰ ਅਪਗ੍ਰੇਡ ਕੀਤਾ ਗਿਆ ਸੀ, ਜਿਸ ਕਰਕੇ ਬੀਅਰ ਦੀ ਸਪਲਾਈ 'ਚ ਵਾਧਾ ਹੋਇਆ ਹੈ। ਭਾਵੇਂ ਕਿ ਬਾਰ 'ਚ ਸਾਨੂੰ ਸਿਰਫ਼ ਅਸਮਾਰਾ ਬੀਅਰ ਹੀ ਮਿਲਦੀ ਹੈ। ਮੇਲੋਟੀਆ ਜਿਸ ਨੂੰ ਕਿ ਬਾਅਦ 'ਚ ਮੇਲੋਟੀ ਕਿਹਾ ਜਾਣ ਲੱਗਾ, ਸਾਬਕਾ ਇਟਾਲਵੀ ਕਲੋਨੀ 'ਚ ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਆਇਆ ਸੀ। ਇੱਥੇ ਆ ਕੇ ਉਸ ਨੇ 'ਬਰੂਅਰੀ' ਦੀ ਘਾਟ ਮਹਿਸੂਸ ਕੀਤੀ ਅਤੇ ਤੁਰੰਤ ਹੀ ਇਸ ਮੌਕੇ 'ਤੇ ਚੌਕਾ ਮਾਰਦਿਆਂ ਇੱਕ ਬਰੂਅਰੀ ਦਾ ਨਿਰਮਾਣ ਕੀਤਾ। ਆਪਣੇ ਇਸ ਕਾਰਜ ਕਰਕੇ ਹੀ ਉਹ ਲੋਕਾਂ ਵਲੋਂ ਸਭ ਤੋਂ ਵੱਧ ਯਾਦ ਕੀਤਾ ਜਾਂਦਾ ਹੈ।

**5. ਬਹੁਤ ਸਾਰੇ ਨੌਜਵਾਨ ਇੱਥੋਂ ਪਰਵਾਸ ਕਰਨ ਦੇ ਚਾਹਵਾਨ ਹਨ**

ਸਾਡੇ ਨਾਲ ਰਾਤ ਦਾ ਖਾਂਦੇ ਹੋਏ ਇੱਕ ਨੌਜਵਾਨ ਨੇ ਕਿਹਾ, "ਪਾਸਪੋਰਟ ਹਾਸਲ ਕਰਨਾ ਇੱਕ ਸੁਪਨੇ ਦੇ ਸਾਕਾਰ ਹੋਣ ਦੀ ਤਰ੍ਹਾਂ ਹੈ।" ਉਸ ਨੇ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਉਦੋਂ ਤੱਕ ਪਾਸਪੋਰਟ ਹਾਸਲ ਨਹੀਂ ਹੁੰਦਾ ਹੈ ਜਦੋਂ ਤੱਕ ਉਹ ਆਪਣੀ ਰਾਸ਼ਟਰੀ ਸੇਵਾ ਮੁਕੰਮਲ ਨਾ ਕਰ ਲੈਣ। ਇਸ 'ਚ ਫੌਜੀ ਸਿਖਲਾਈ ਸ਼ਾਮਲ ਹੈ ਅਤੇ ਸਥਾਨਕ ਪ੍ਰਸ਼ਾਸਨ ਦੇ ਦਫ਼ਤਰ ਵਲੋਂ ਅਰਜ਼ੀ ਦੇ ਸਮਰਥਨ 'ਚ ਇੱਕ ਪੱਤਰ ਮਿਲਦਾ ਹੈ। ਉਸ ਨੌਜਵਾਨ ਨੇ ਵਿਅੰਗ ਕਰਦਿਆਂ ਕਿਹਾ, "ਉਦੋਂ ਤੱਕ ਤੁਸੀਂ 40 ਤੋਂ 45 ਸਾਲ ਦੇ ਹੋ ਜਾਂਦੇ ਹੋ ਅਤੇ ਤੁਹਾਡੇ ਪਰਿਵਾਰ 'ਚ ਤੁਹਾਡੀ ਪਤਨੀ ਅਤੇ ਬੱਚਾ ਵੀ ਸ਼ਾਮਲ ਹੋ ਚੁੱਕੇ ਹੁੰਦੇ ਹਨ।" ਇੱਕ ਵਾਰ ਪਾਸਪੋਰਟ ਮਿਲ ਜਾਣ 'ਤੇ ਵੀ ਤੁਸੀਂ ਦੇਸ ਨਹੀਂ ਛੱਡ ਸਕਦੇ ਹੋ, ਉਸ ਲਈ ਵੀ ਤੁਹਾਨੂੰ ਐਗਜ਼ਿਟ ਵੀਜ਼ਾ ਦੀ ਲੋੜ ਹੁੰਦੀ ਹੈ। ਇਸ ਗੱਲ ਦੀ ਵੀ ਕੋਈ ਗਰੰਟੀ ਨਹੀਂ ਹੈ ਕਿ ਉਹ ਇਸ ਨੂੰ ਹਾਸਲ ਕਰ ਪਾਉਣਗੇ ਕਿ ਨਹੀਂ ਕਿਉਂਕਿ ਸਰਕਾਰ ਨੂੰ ਡਰ ਹੈ ਕਿ ਜੇਕਰ ਉਹ ਇੱਕ ਵਾਰ ਚਲੇ ਗਏ ਤਾਂ ਮੁੜ ਵਤਨ ਨਹੀਂ ਪਰਤਣਗੇ। ਕਈ ਨੌਜਵਾਨ ਗ਼ੈਰ-ਕਾਨੂੰਨੀ ਢੰਗ ਨਾਲ ਸਰਹੱਦਾਂ ਪਾਰ ਕਰਕੇ ਇਥੋਪੀਆ ਅਤੇ ਸੁਡਾਨ 'ਚ ਜਾ ਕੇ ਰਹਿਣ ਲੱਗ ਪਏ ਹਨ। ਅਜਿਹੇ 'ਚ ਕਈ ਤਾਂ ਆਪਣੀਆਂ ਜਾਨਾਂ ਵੀ ਗੁਆ ਬੈਠੇ ਹਨ ਕਿਉਂਕਿ ਸਹਾਰਾ ਮਾਰੂਥਲ ਅਤੇ ਮੱਧ ਪੂਰਬ ਸਾਗਰ ਨੂੰ ਪਾਰ ਕਰਕੇ ਯੂਰਪ ਪਹੁੰਚਣ ਦਾ ਰਾਹ ਕੰਢਿਆ ਨਾਲ ਭਰਿਆ ਹੋਇਆ ਹੈ। ਮਾਰੂਥਲ 'ਚ ਪਾਣੀ ਅਤੇ ਭੋਜਨ ਦੀ ਘਾਟ ਅਤੇ ਸਾਗਰ 'ਚ ਡੁੱਬ ਕੇ ਕਈ ਲੋਕ ਮਰੇ ਹਨ। ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਏਜੰਸੀ ਨੇ ਏਰੀਟਰੀਅਨ ਨੂੰ ਸ਼ਰਨਾਰਥੀਆਂ ਦੀ "ਉਤਪਤੀ ਦਾ ਨੌਂਵਾਂ ਸਭ ਤੋਂ ਵੱਡਾ ਦੇਸ" ਦੱਸਿਆ ਹੈ। ਸਾਲ 2018 ਦੇ ਅੰਤ ਤੱਕ ਇੰਨਾਂ ਦੀ ਗਿਣਤੀ 5,07,300 ਸੀ ਜੋ ਕਿ ਇਸ ਤੋਂ ਪਿਛਲੇ ਸਾਲ 4,86,200 ਦਰਜ ਕੀਤੀ ਗਈ ਸੀ। ਇਸ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਵਧੇਰੇ ਸ਼ਰਨਾਰਥੀ ਇਥੋਪੀਆ (174,000) ਅਤੇ ਸੁਡਾਨ (114,500) ਵੱਲ ਪਰਵਾਸ ਕਰ ਰਹੇ ਹਨ। ਇਸ ਤੋਂ ਇਲਾਵਾ ਜਰਮਨੀ (55,300) ਅਤੇ ਸਵਿਟਜ਼ਰਲੈਂਡ (34,100) ਵਰਗੇ ਯੂਰਪੀਅਨ ਸੂਬਿਆਂ 'ਚ ਵੀ ਇਹ ਸ਼ਰਨਾਰਥੀ ਸੁਰੱਖਿਅਤ ਰਹਿ ਰਹੇ ਹਨ। ਏਰੀਟਰੀਆ 'ਚੋਂ ਜ਼ਿਆਦਾਤਰ ਨੌਜਵਾਨਾਂ ਦੇ ਪਰਵਾਸ ਕਰ ਜਾਣ ਕਰਕੇ ਅਸਮਾਰਾ 'ਚ ਬਜ਼ੁਰਗ ਲੋਕ ਵਧੇਰੇ ਵਿਖਾਈ ਦਿੰਦੇ ਹਨ। ਉਹ ਮੈਕੀਆਟੋ ਜੋ ਕਿ ਇੱਕ ਤਰ੍ਹਾਂ ਦੀ ਕੌਫ਼ੀ ਹੈ ਜੋ ਕਿ ਹਲਕੇ ਦੁੱਧ ਨਾਲ ਲਈ ਜਾਂਦੀ ਹੈ, ਉਸ ਨੂੰ ਪੀ ਕੇ ਆਪਣਾ ਸਮਾਂ ਗੁਜ਼ਾਰਦੇ ਹਨ। ਏਰੀਟਰੀਆ ਦੀ ਆਬਾਦੀ ਬਾਰੇ ਕੋਈ ਸਪਸ਼ਟ ਅੰਕੜੇ ਹਾਸਲ ਨਹੀਂ ਹਨ, ਕਿਉਂਕਿ ਆਜ਼ਾਦੀ ਤੋਂ ਬਾਅਦ ਸਰਕਾਰ ਵਲੋਂ ਕਦੇ ਵੀ ਮਰਦਮਸ਼ੁਮਾਰੀ ਨਹੀਂ ਕੀਤੀ ਗਈ ਪਰ ਫਿਰ ਵੀ ਵਿਸ਼ਵ ਆਬਾਦੀ ਸਮੀਖਿਆ ਦੇ ਅੰਦਾਜ਼ੇ ਮੁਤਾਬਿਕ ਇੱਥੋਂ ਦੀ ਆਬਾਦੀ 3.5 ਮਿਲੀਅਨ ਦੇ ਕਰੀਬ ਹੈ, ਜਿਸ 'ਚ ਅਸਮਾਰਾ ਦੀ ਆਬਾਦੀ ਤਕਰੀਬਨ 5,00,000 ਹੈ।

**6.ਕੁੱਝ ਵੀ ਹੋਵੇ ਪਰ ਰਾਜਧਾਨੀ ਬਹੁਤ ਸੁੰਦਰ ਹੈ**

ਇਟਲੀ ਦੇ ਫਾਸੀਵਾਦੀ ਤਾਨਾਸ਼ਾਹ ਬੇਨੀਟੋ ਮੁਸੋਲੀਨੀ ਅਸਮਾਰਾ ਨੂੰ ਅਫ਼ਰੀਕਾ ਦਾ "ਪਿਕੋਲਾ ਰੋਮਾ" ਯਾਨਿ ਕਿ ਛੋਟਾ ਰੋਮ ਬਣਾਉਣਾ ਚਾਹੁੰਦਾ ਸੀ। ਇਸ ਸ਼ਹਿਰ ਦੀ ਉਸਾਰੀ, ਆਧੁਨਿਕ ਇਮਾਰਤਾਂ ਦਾ ਨਕਸ਼ਾ ਅਤੇ ਹੋਰ ਦਿਖਾਵਟ ਇਟਲੀ ਦੇ ਬਸਤੀਵਾਦ ਦੀ ਯਾਦ ਦਿਵਾਉਂਦੀ ਹੈ। ਸੰਯੁਕਤ ਰਾਸ਼ਟਰ ਦੀ ਸਭਿਆਚਾਰਕ ਏਜੰਸੀ, ਯੁਨੇਸਕੋ ਨੇ ਅਸਮਾਰਾ ਨੂੰ ਵਿਸ਼ਵ ਵਿਰਾਸਤ ਦੀ ਸੂਚੀ 'ਚ ਵੀ ਨਾਮਜ਼ਦ ਕੀਤਾ ਹੈ। ਯੁਨੈਸਕੋ ਅਨੁਸਾਰ, "ਇਹ 20ਵੀਂ ਸਦੀ ਦੇ ਸ਼ੁਰੂਆਤੀ ਆਧੁਨਿਕ ਸ਼ਹਿਰੀਵਾਦ ਦੀ ਇੱਕ ਬੇਮਿਸਾਲ ਉਦਾਹਰਣ ਹੈ ਅਤੇ ਇਸ ਨੂੰ ਇੱਕ ਅਫ਼ਰੀਕੀ ਪ੍ਰਸੰਗ 'ਚ ਪੇਸ਼ ਕੀਤਾ ਗਿਆ ਹੈ।" ਇਸ ਲਈ ਏਰੀਟਰੀਆ ਦੀਆਂ ਸਿਆਸੀ ਅਤੇ ਆਰਥਿਕ ਮੁਸ਼ਕਲਾਂ ਦੇ ਬਾਵਜੂਦ, ਅਸਮਾਰਾ ਇੱਕ ਮਨਮੋਹਕ ਸ਼ਹਿਰ ਹੈ ਅਤੇ ਇੱਕ ਵਾਰ ਇਸ ਦੀ ਖ਼ੂਬਸੂਰਤੀ ਦਾ ਨਜ਼ਾਰਾ ਲੈਣਾ ਬਣਦਾ ਹੈ।





# ਕੀ ਮੈਂ ਕੁਦਰਤੀ ਜੀਵ ਨਹੀਂ ?



ਕੌਰ ਕਿਰਨਪ੍ਰੀਤ
+4368864013133

ਲਿੰਗ“ ਜਿਸ ਨੂੰ ਅਸੀਂ ਅੰਗਰੇਜ਼ੀ ਵਿੱਚ “ਜੈਂਡਰ“ ਵੀ ਕਹਿੰਦੇ ਹਾਂ ਜਿਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਕੋਈ ਵੀ ਜੀਵ ਮਰਦ ਹੈ ਜਾਂ ਫਿਰ ਔਰਤ । ਇਨਸਾਨਾਂ, ਜਾਨਵਰਾਂ, ਕੀੜੇ – ਮਕੌੜੇ ਅਤੇ ਹੋਰ ਜੀਵ ਜੰਤੂਆਂ ਦੀ ਪਹਿਚਾਣ ਅਸੀਂ ਉਸ ਦੇ ਲਿੰਗ ਤੋਂ ਹੀ ਕਰਦੇ ਹਾਂ। ਇਨਸਾਨ ਦੀ ਪ੍ਰਜਾਤੀ ਵਿੱਚ ਕੁਦਰਤ ਨੇ ਬਹੁਗਿਣਤੀ ਵਿੱਚ ਦੋ ਲਿੰਗ ਬਣਾਏ ਹਨ –ਇੱਕ ਹੈ ਔਰਤ ਅਤੇ ਦੂਸਰਾ ਹੈ ਮਰਦ ।

ਪਰ ਇਸ ਵਿੱਚ ਇੱਕ ਹੋਰ ਲਿੰਗ ਵੀ ਆਉਂਦਾ ਹੈ ਜਿਸ ਨੂੰ ਅਸੀਂ “ਤੀਸਰਾ ਲਿੰਗ“ ਆਖਦੇ ਹਾਂ। ਆਮ ਭਾਸ਼ਾ ਵਿੱਚ ਲੋਕ ਇਨ੍ਹਾਂ ਨੂੰ ਕਿੰਨਰ ਜਾਂ ਖੁਸਰੇ ਆਖ ਕੇ ਬੁਲਾਉਂਦੇ ਹਨ । ਅਸਲ ਵਿੱਚ ਕੁਦਰਤ ਨੇ ਅਜਿਹੇ ਲੋਕਾਂ ਵਿੱਚ ਔਰਤ ਅਤੇ ਮਰਦ ਦੋਹਾਂ ਦੇ ਹਾਰਮੋਨ ਪਾਏ ਹੁੰਦੇ ਹਨ ਜਿਸ ਨਾਲ ਨਾ ਤਾਂ ਇਹ ਲੋਕ ਪੂਰੇ ਮਰਦ ਹੁੰਦੇ ਹਨ ਤੇ ਨਾ ਹੀ ਔਰਤ ।

ਸਦੀਆਂ ਤੋਂ ਇਹ ਦੇਖਣ ਨੂੰ ਮਿਲਦਾ ਆਇਆ ਹੈ ਕਿ ਬਹੁ ਗਿਣਤੀ ਦੇ ਲੋਕ ਘੱਟ ਗਿਣਤੀ ਤੇ ਆਪਣਾ ਪ੍ਰਭਾਵ ਪਾਉਂਦੇ ਆਏ ਹਨ। ਉਨ੍ਹਾਂ ਨੂੰ ਹਮੇਸ਼ਾ ਦਬਾ ਕੇ ਰੱਖਿਆ ਜਾਂਦਾ ਹੈ । ਇਸੇ ਤਰ੍ਹਾਂ ਤੀਸਰੇ ਲਿੰਗ ਦੇ ਲੋਕਾਂ ਨੂੰ ਵੀ ਸਾਡੇ ਸਮਾਜ ਵਿੱਚ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਕਾਫੀ ਹੱਦ ਤੱਕ ਹੁਣ ਵੀ ਕਰਨਾ ਪੈ ਰਿਹਾ ਹੈ ।ਲੋਕ ਇਨ੍ਹਾਂ ਨੂੰ ਬਣਦਾ ਸਤਿਕਾਰ ਨਹੀਂ ਦਿੰਦੇ । ਸਾਡੀ ਤ੍ਰਾਸਦੀ ਇੱਥੋਂ ਤੱਕ ਹੈ ਕਿ ਜੇਕਰ ਕਿਸੇ ਘਰ ਵਿੱਚ ਕਿੰਨਰ ਪੈਦਾ ਹੋ ਜਾਵੇ ਤਾਂ ਮਾਤਮ ਜਿਹਾ ਮਾਹੌਲ ਹੁੰਦਾ ਹੈ ਅਤੇ ਉਹ ਬੱਚੇ ਨੂੰ ਆਪਣੀ ਘਰ ਨਹੀਂ ਰੱਖਦੇ ਤੇ ਕਿੰਨਰਾਂ ਦੇ ਕਿਸੇ ਟੋਲੇ ਨੂੰ ਸੌਂਪ ਦਿੰਦੇ ਹਨ ! ਲੋਕਾਂ ਦਾ ਕਿੰਨਰਾਂ ਪ੍ਰਤੀ ਇਸ ਤਰ੍ਹਾਂ ਦਾ ਨਜ਼ਰੀਆ ਨਿੰਦਣਯੋਗ ਹੈ ਇੱਕ ਪਾਸੇ ਤਾਂ ਅਸੀ ਕੁਦਰਤ ਦੇ ਕਾਦਰ ਦੀਆਂ ਗੱਲਾਂ ਕਰਕੇ ਮਹਾਨ ਬਣਦੇ ਹਾਂ ,ਪਰ ਦੂਸਰੇ ਹੀ ਪਾਸੇ ਅਸੀਂ ਕੁਦਰਤ ਦੇ ਇਸ ਪ੍ਰਾਣੀ ਨਾਲ ਪਸ਼ੂਆਂ ਨਾਲੋਂ ਵੀ ਬੁਰਾ ਵਤੀਰਾ ਕਰਕੇ ਉਸ ਦੀ ਸਾਰੀ ਜ਼ਿੰਦਗੀ ਖਰਾਬ ਕਰ ਦਿੰਦੇ ਹਾਂ । ਅਸੀਂ ਆਮ ਦੇਖਦੇ ਹਾਂ ਕਿ ਸਾਡੇ ਘਰਾਂ ਵਿੱਚ ਖੁਸ਼ੀ ਦੇ ਮੌਕੇ ਖਾਸ ਤੌਰ ਤੇ ਜਦੋਂ ਕੋਈ ਵੀ ਬੱਚਾ ਪੈਦਾ ਹੁੰਦਾ ਹੈ ਤਾਂ ਕਿੰਨਰ ਸਾਡੇ ਘਰ ਆ ਕੇ ਸਾਨੂੰ ਦੁਆਵਾਂ ਦਿੰਦੇ ਹਨ ਤੇ ਕੁਝ ਪੈਸੇ ਲੈ ਕੇ ਜਾਂਦੇ ਹਨ । ਅਸਲ ਵਿੱਚ ਇਹ ਵੀ ਮੰਗਣਾ ਹੀ ਹੁੰਦਾ ਹੈ ਆਪਣਾ ਢਿੱਡ ਭਰਨ ਲਈ ਉਹ ਲੋਕਾਂ ਦੇ ਦਰ – ਦਰ ਤੇ ਜਾ ਕੇ ਉਨ੍ਹਾਂ ਨੂੰ ਦੁਆਵਾਂ ਦੇ ਕੇ ਕੁਝ ਪੈਸੇ ਲੈ ਆਪਣਾ ਢਿੱਡ ਭਰਦੇ ਹਨ ।

ਬੇਸ਼ੱਕ ਸਾਡੇ ਦੇਸ਼ ਵਿੱਚ ਬਹੁਤ ਸੰਘਰਸ਼ ਤੋਂ ਬਾਅਦ 15 ਅਪਰੈਲ 2014 ਵਿੱਚ ਕਿੰਨਰਾਂ ਲਈ ਸੁਪਰੀਮ ਕੋਰਟ ਨੇ ਇਕ ਕਾਨੂੰਨ ਬਣਾ ਦਿੱਤਾ ਸੀ ਕਿ ਹੁਣ ਤੀਸਰਾ ਲਿੰਗ ਵੀ ਆਮ ਲੋਕਾਂ ਦੀ ਤਰ੍ਹਾਂ ਸਾਰੇ ਹੱਕਾਂ ਦਾ ਅਧਿਕਾਰੀ ਹੈ ਉਸ ਨੂੰ ਵੀ ਆਪਣੀ ਜ਼ਿੰਦਗੀ ਜਿਊਣ ਦਾ ਪੂਰਾ ਹੱਕ ਹੈ ਪਰ ਸਾਡੇ ਲੋਕਾਂ ਦੀ ਸੋਚ ਅਤੇ ਨਜ਼ਰੀਆ ਹਜੇ ਤੱਕ ਵੀ ਕਿੰਨਰਾਂ ਪ੍ਰਤੀ ਉੱਪਰ ਨਹੀਂ ਉੱਠ ਸਕਿਆ । ਬਾਹਰਲੇ ਦੇਸ਼ਾਂ ਵਿੱਚ ਕਿੰਨਰ ਆਮ ਲੋਕਾਂ ਵਿੱਚ ਆਮ ਰਹਿਣ ਸਹਿਣ ਵਿੱਚ ਰਹਿੰਦੇ ਹਨ । ਕੋਈ ਵੀ ਉਨ੍ਹਾਂ ਨਾਲ ਇਸ ਗੱਲ ਤੋਂ ਵਿਤਕਰਾ ਨਹੀਂ ਕਰ ਸਕਦਾ ਕਿ ਉਹ ਕਿੰਨਰ ਹੈ ਅਤੇ ਉਹ ਉਸ ਨੂੰ ਕੰਮ ਨਹੀਂ ਦੇਵੇਗਾ ਜਾਂ ਉਸ ਤੋਂ ਕੋਈ ਵੀ ਹੱਕ ਖੋਹਿਆ ਜਾਵੇਗਾ ।ਪਰ ਸਾਡੇ ਦੇਸ਼ ਵਿੱਚ ਕਿੰਨਰ ਜਾਂ ਤਾਂ ਸਿਰਫ਼ ਮੰਗ ਕੇ ਆਪਣਾ ਢਿੱਡ ਭਰਦੇ ਹਨ ਤੇ ਜਾਂ ਫਿਰ ਸੈਕਸ ਧੰਦੇ ਨਾਲ ਆਪਣਾ ਗੁਜ਼ਰ ਗੁਜ਼ਾਰਾ ਚਲਾਉਂਦੇ ਹਨ ।

ਪਰ ਅੱਜ ਸਾਨੂੰ ਇੱਕ ਵਾਰ ਆਪਣੀ ਸੋਚ ਪ੍ਰਤੀ ਜ਼ਰੂਰ ਸੁਚੇਤ ਹੋਣਾ ਚਾਹੀਦਾ ਹੈ ਤੇ ਆਪਣੇ ਅੰਦਰ ਵੱਲ ਝਾਤੀ ਮਾਰਨੀ ਚਾਹੀਦੀ ਹੈ। ਜਿਸ ਤਰ੍ਹਾਂ ਅਸੀਂ ਸਾਰੇ ਇੱਕ ਦੂਸਰੇ ਤੋਂ ਸਨਮਾਨ ਪਿਆਰ ਦੀ ਆਸ ਰੱਖਦੇ ਹਾਂ ਠੀਕ ਉਸੇ ਤਰ੍ਹਾਂ ਇਨ੍ਹਾਂ ਲੋਕਾਂ ਵਿੱਚ ਵੀ ਭਾਵਨਾਵਾਂ ਹੁੰਦੀਆਂ ਨੇ। ਇਨ੍ਹਾਂ ਦਾ ਇਸ ‘ਚ ਕੀ ਕਸੂਰ ਏ ? ਇਹ ਲੋਕ ਵੀ ਆਪਣੀ ਜ਼ਿੰਦਗੀ ਨੂੰ ਹੱਸ ਖੇਡ ਕੇ ਬਿਤਾਉਣਾ ਚਾਹੁੰਦੇ ਨੇ । ਆਮ ਲੋਕਾਂ ਦੀ ਤਰ੍ਹਾਂ ਪੜ੍ਹਨਾ –ਲਿਖਣਾ ,ਵੱਡੇ ਅਹੁਦਿਆਂ ਤੇ ਕੰਮ ਕਰਨਾ, ਭੈਣ– ਭਰਾਵਾਂ ,ਮਾਤਾ – ਪਿਤਾ ਦਾ ਪਿਆਰ ਇਨ੍ਹਾਂ ਲਈ ਵੀ ਇਹ ਸਭ ਚੀਜ਼ਾਂ ਜ਼ਰੂਰੀ ਨੇ । ਇਨ੍ਹਾਂ ਦੇ ਦਿਲ ਨੂੰ ਵੀ ਪਿਆਰ ਅਤੇ ਸਨਮਾਨ ਦੀ ਲੋੜ ਹੁੰਦੀ ਹੈ ਪਰ ਸਾਡੇ ਲੋਕ ਤਾਂ ਕਈ ਇਸ ਕਦਰ ਗਿਰ ਚੁੱਕੇ ਹਨ ਕਿ ਜੇਕਰ ਉਹ ਕਿਸੇ ਨੂੰ ਲੜਾਈ ਵਿੱਚ ਗਾਲ ਕੱਢਣੀ ਹੋਵੇ ਤਾਂ ਦੂਸਰੇ ਨੂੰ ਖੁਸਰਾ ਜਾਂ ਕਿੰਨਰ ਆਖ ਦਿੰਦੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਸਾਡੀ ਮਾਨਸਿਕਤਾ ਕਿੰਨੀ ਗਿਰੀ ਹੋਈ ਹੈ । ਅਸੀਂ ਇਨ੍ਹਾਂ ਲੋਕਾਂ ਨੂੰ ਸਨਮਾਨ ਤਾਂ ਕੀ ਦੇਣਾ ਸੀ ਅਸੀਂ ਇਨ੍ਹਾਂ ਨੂੰ ਆਪਣੇ ਆਪ ਤੋਂ ਇੰਨਾ ਦੂਰ ਕਰ ਦਿੱਤਾ ਕਿ ਇਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੱਤਾ । ਆਖਿਰ ਕਦੋਂ ਤੱਕ ਅਸੀਂ ਇਨ੍ਹਾਂ ਲੋਕਾਂ ਨਾਲ ਵਿਤਕਰਾ ਕਰ ਪਾਪ ਦੇ ਭਾਗੀ ਬਣਦੇ ਰਹਾਂਗੇ। ਸਾਨੂੰ ਗੁਰੂ ਨਾਨਕ ਦੇਵ ਜੀ ਦੇ ਬਚਨ “ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ “ ਨੂੰ ਸਮਝਣਾ ਅਤੇ ਵਿਚਾਰਨਾ ਚਾਹੀਦਾ ਹੈ ।

ਜਿਸ ਰੱਬ ਨੂੰ ਅਸੀ ਪੂਜਦੇ ਹਾਂ ਹਜ਼ਾਰਾਂ ਹੀ ਮੰਦਰ, ਗੁਰਦੁਆਰੇ , ਮਸੀਤਾਂ ਬਣਾ ਲਏ ਹਨ। ਉਸ ਰੱਬ ਦੇ ਜੀਵ ਨਾਲ ਇਸ ਤਰ੍ਹਾਂ ਬੁਰਾ ਵਿਹਾਰ ਸਾਡੇ ਲਈ ਬਹੁਤ ਮਾੜੀ ਗੱਲ ਹੈ । ਅੱਜ ਬੇਸ਼ੱਕ ਕੁਝ ਲੋਕਾਂ ਨੇ ਸੰਘਰਸ਼ ਕਰ ਆਪਣੇ ਆਪ ਨੂੰ ਦੁਨੀਆਂ ਦੇ ਸਾਹਮਣੇ ਸਾਬਿਤ ਕੀਤਾ ਹੈ ਕਿ ਤੀਸਰਾ ਲਿੰਗ ਹੋਣਾ ਮਾੜੀ ਗੱਲ ਨਹੀਂ ਇਹ ਕੋਈ ਗਾਲ ਨਹੀਂ ਬਲਕਿ ਰੱਬ ਦੀ ਬਣਾਈ ਹੋਈ ਹੀ ਇੱਕ ਰਚਨਾ ਹੈ । ਪਰ ਜਦੋਂ ਤੱਕ ਆਮ ਲੋਕਾਂ ਦਾ ਨਜ਼ਰੀਆ ਇਨ੍ਹਾਂ ਪ੍ਰਤੀ ਨਹੀਂ ਬਦਲਦਾ ਕਾਨੂੰਨ ਵੀ ਇੱਕ ਹੱਦ ਤੱਕ ਹੀ ਲਾਹੇਵੰਦ ਹੋ ਸਕਦਾ ਹੈ। ਜਦੋਂ ਆਮ ਲੋਕ ਆਪਣੀ ਸੋਚ ਨੂੰ ਇਨ੍ਹਾਂ ਲੋਕਾਂ ਪ੍ਰਤੀ ਬਦਲਣਗੇ ਤਾਂ ਹੀ ਸਾਡਾ ਸਮਾਜ ਅੱਗੇ ਜਾ ਸਕਦਾ ਹੈ। ਭਾਈਚਾਰਕ ਸਾਂਝ ਬਣ ਸਕਦੀ ਹੈ ।ਅਸਲ ਵਿੱਚ ਅਸੀਂ ਕਦੇ ਨਹੀਂ ਸੋਚਦੇ ਕਿ ਇਸ ਵਿੱਚ ਇਨ੍ਹਾਂ ਲੋਕਾਂ ਦਾ ਕੀ ਕਸੂਰ ਹੈ ? ਬੱਸ ਅਸੀਂ ਉਨ੍ਹਾਂ ਨੂੰ ਆਪਣੀ ਘਰ ਵਿੱਚ ਨਹੀਂ ਰੱਖਣਾ ਚਾਹੁੰਦੇ ਕਿਉਂਕਿ ਨਾ ਹੀ ਉਹ ਔਰਤ ਹੈ ਤੇ ਨਾ ਹੀ ਮਰਦ। ਪਰ ਉਨ੍ਹਾਂ ਨੂੰ ਵੀ ਆਪਣੀ ਜ਼ਿੰਦਗੀ ਜਿਉਣ ਦਾ ਹੱਸਣ ਖੇਡਣ ਦਾ ਤੇ ਪਿਆਰ ਲੈਣ ਦਾ ਪੂਰਾ ਅਧਿਕਾਰ ਹੈ। ਆਓ ! ਅੱਜ ਅਸੀਂ ਸਾਰੇ ਆਪਣੇ ਨਜ਼ਰੀਏ ਨੂੰ ਬਦਲੀਏ ਅਤੇ ਸਭ ਨੂੰ ਉਨ੍ਹਾਂ ਦਾ ਬਣਦਾ ਮਾਣ ਤੇ ਸਤਿਕਾਰ ਦੇਈਏ ।

# ਆਖ਼ਰ ਅੰਧ ਵਿਸ਼ਵਾਸ ਹੋਰ ਕਦੋਂ ਤੱਕ ਚੱਲਦਾ ਰਹੇਗਾ





ਪਰਮਜੀਤ ਕੌਰ ਸਿੱਧੂ
ਮੋਬਾਇਲ: 98148-90905

ਪਿਛਲੇ ਦਿਨੀਂ ਅਜੀਬੋ ਗਰੀਬ ਮਾਮਲਾ ਇਹ ਸਾਹਮਣੇ ਆਇਆ ਕਿ ਮੱਧ ਪ੍ਰਦੇਸ਼ ਵਿੱਚ ਪਹਿਲਾਂ ਮੀਂਹ ਲਈ ਡੱਡੂ–ਡੱਡੀ ਦਾ ਵਿਆਹ ਕਰਾਇਆ ਗਿਆ ਸੀ।

ਪਰ ਜਦੋਂ ਮੀਂਹ ਭਾਰੀ ਆ ਗਿਆ ਅਤੇ ਹੜ੍ਹਾਂ ਆ ਗਏ ਤਾਂ ਡੱਡੂ ਡੱਡੀ ਦਾ ਤਲਾਕ ਕਰਵਾਉਣ ਦੀ ਗੱਲ ਚੱਲ ਪਈ। ਭਾਰੀ ਬਾਰਸ਼ ਤੋਂ ਪ੍ਰੇਸ਼ਾਨ ਭਾਵੇਂ ਹੀ ਮੱਧ ਪ੍ਰਦੇਸ਼ ਦੇ ਅੰਦਰ ਹੁਣ ਲੋਕਾਂ ਨੇ ਡੱਡੂ ਅਤੇ ਡੱਡੀ ਦਾ ਤਲਾਕ ਕਰਵਾ ਦਿੱਤਾ ਹੈ। ਪਰ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਡੱਡੂ ਅਤੇ ਡੱਡੀ ਦਾ ਵਿਆਹ ਕਰਵਾਉਣ ਦੇ ਨਾਲ ਮੀਂਹ ਆਇਆ ?

ਭਾਵੇਂ ਹੀ ਅੰਨ੍ਹੇ ਭਗਤ ਇਹ ਕਹਿ ਦੇਣਗੇ ਕਿ ਜੀ ਹਾਂ ਡੱਡੂ–ਡੱਡੀ ਦਾ ਵਿਆਹ ਕਰਵਾ ਕੇ ਹੀ ਮੀਂਹ ਨਸੀਬ ਹੋਇਆ, ਪਰ ਅਸਲੀਅਤ ਤਾਂ ਇਹ ਹੈ ਕਿ ਕੁਦਰਤ ਕਦੇ ਵੀ ਅਜਿਹੀਆਂ ਗੱਲਾਂ ਨੂੰ ਨਹੀਂ ਮੰਨਦੀ ਅਤੇ ਨਾ ਹੀ ਉਹ ਕਿਸੇ ਡੱਡੂ ਡੱਡੀ ਦੇ ਕਹੇ ‘ਤੇ ਮੀਂਹ ਪਾਉਂਦੀ ਹੈ। ਕੁਦਰਤ ਜਦੋਂ ਮਰਜ਼ੀ ਚਾਹੇ ਮੀਂਹ ਪਾ ਸਕਦੀ ਹੈ।

ਇੱਥੇ ਇਹ ਗੱਲ ਦੱਸ ਦਈਏ ਕਿ ਮੌਸਮ ਵਿਭਾਗ ਦੀਆਂ ਸੈਟੇਲਾਈਟਾਂ ਜਰੀਏ ਮੌਸਮ ਅਤੇ ਮੀਂਹ ਦੀ ਜਾਣਕਾਰੀ ਜ਼ਰੂਰ ਮਿਲ ਜਾਂਦੀ ਹੈ। ਪਰ ਡੱਡੂ ਡੱਡੀ ਦੇ ਵਿਆਹ ਕਾਰਨ ਮੀਂਹ ਆਉਣ ਦੀ ਜਾਣਕਾਰੀ ਕਿਧਰੇ ਨਹੀਂ ਮਿਲਦੀ, ਬਸ ਮੱਧ ਪ੍ਰਦੇਸ਼ ਤੋਂ ਹੀ ਮਿਲਦੀ ਹੈ।

ਦੱਸਿਆ ਜਾਂਦਾ ਹੈ ਕਿ ਜਦੋਂ ਬਾਰਸ਼ ਨਹੀਂ ਹੋ ਰਹੀ ਸੀ, ਤਾਂ 19 ਜੁਲਾਈ 2019 ਨੂੰ ਮੱਧ ਪ੍ਰਦੇਸ਼ ਵਿੱਚ ਲੋਕਾਂ ਨੇ ਚੰਗੀ ਬਾਰਸ਼ ਲਈ ਡੱਡੂ ਅਤੇ ਡੱਡੀ ਦਾ ਵਿਆਹ ਕਰਾਇਆ ਸੀ। ਛਪੀ ਇੱਕ ਰਿਪੋਰਟ ਦੀ ਮੰਨੀਏ ਤਾਂ ਪਿਛਲੇ ਬੁੱਧਵਾਰ ਨੂੰ ਭੋਪਾਲ ਵਿੱਚ ਓਮ ਸ਼ਿਵ ਸੇਵਾ ਸ਼ਕਤੀ ਮੰਡਲ ਦੇ ਮੈਂਬਰਾਂ ਨੇ ਪੂਰੇ ਮੰਤਰਾਂ ਦੇ ਜਾਪ ਦੌਰਾਨ ਡੱਡੂ ਦੁਆਰਾ ਸੰਕੇਤਕ ਰੂਪ ਨਾਲ ਡੱਡੀ ਨੂੰ ਤਲਾਕ ਦਿਵਾ ਦਿੱਤਾ।

ਛਪੀ ਰਿਪੋਰਟ ਦੇ ਵਿੱਚ ਇਹ ਵੀ ਗੱਲ ਸਾਫ਼ ਤੌਰ ‘ਤੇ ਲਿਖੀ ਗਈ ਕਿ ਸੂਬੇ ਵਿੱਚ ਪਿਛਲੇ 10-12 ਦਿਨਾਂ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ, ਜਿਸ ਕਾਰਨ ਮੱਧ ਪ੍ਰਦੇਸ਼ ਦੇ ਕਈ ਹਿੱਸਿਆਂ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਮੌਸਮ ਵਿਭਾਗ ਨੇ ਭਾਰੀ ਬਾਰਸ਼ ਦੇ ਮੱਦੇਨਜ਼ਰ ਪਿਛਲੇ ਕੁਝ ਦਿਨ ਪਹਿਲਾਂ ਮੱਧ ਪ੍ਰਦੇਸ਼ ਦੇ 32 ਜ਼ਿਲ੍ਹਿਆਂ ਲਈ ਅਲਰਟ ਜਾਰੀ ਕੀਤਾ ਸੀ। ਮੌਸਮ ਵਿਭਾਗ ਦੇ ਮੁਤਾਬਿਕ ਭੋਪਾਲ ਵਿੱਚ ਬਾਰਸ਼ ਨੇ 13 ਸਾਲ ਪੁਰਾਣੇ ਰਿਕਾਰਡ ਤੋੜੇ ਹਨ ਅਤੇ ਇਸ ਵਾਰ ਭਾਰੀ ਬਾਰਸ਼ ਪਈ ਹੈ। ਮੱਧ ਪ੍ਰਦੇਸ਼ ਤੋਂ ਛਪੀ ਇਹ ਖ਼ਬਰ ਨੇ ਤਰਕਸ਼ੀਲਾਂ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਪਰ ਤਰਕਸ਼ੀਲਾ ਦਾ ਇਹ ਵੀ ਦਾਅਵਾ ਹੈ ਕਿ ਕਦੇ ਵੀ ਡੱਡੂ ਅਤੇ ਡੱਡੀ ਦਾ ਵਿਆਹ ਹੋਣ ਦੇ ਨਾਲ ਮੀਂਹ ਨਹੀਂ ਆਉਂਦਾ। ਕੁਦਰਤ ਦੇ ਨਿਯਮਾਂ ਨੂੰ ਕੋਈ ਵੀ ਨਹੀਂ ਬਦਲ ਸਕਦਾ ਅਤੇ ਨਾ ਹੀ ਕੋਈ ਬਦਲ ਸਕਿਆ ਹੈ। ਜਾਦੂ ਮੰਤਰਾਂ ਦੇ ਨਾਲ ਕੁਝ ਵੀ ਕਦੇ ਨਹੀਂ ਹੁੰਦਾ। ਬਸ ਇੱਕ ਮਨ ਦਾ ਵਹਿਮ ਹੈ, ਜੋ ਕਿ ਲੋਕਾਂ ਦੇ ਅੰਦਰ ਵੜਿਆ ਹੋਇਆ ਹੈ ਅਤੇ ਲੋਕ ਅੰਨ੍ਹੇ ਹੋ ਕੇ ਲਗੇ ਫਿਰਦੇ ਹਨ। ਤਰਕ ਕਰਨ ਦੀ ਬਿਜਾਏ, ਬਹੁਤੇ ਭਾਰਤੀ ਲੋਕ ਅੰਧ ਵਿਸ਼ਵਾਸ ਵਿੱਚ ਫਸੇ ਪਏ ਹਨ।



ਭਾਵੇਂ ਹੀ 21ਵੀਂ ਸਦੀ ਵਿੱਚ ਅਸੀਂ ਪਹੁੰਚ ਚੁੱਕੇ ਹਨ, ਪਰ ਸਾਡੇ ਭਾਰਤ ਦੇ ਬਹੁਤ ਸਾਰੇ ਵਰਗ ਹਾਲੇ ਵੀ 19ਵੀਂ ਸਦੀ ਵਿੱਚ ਲਗੇ ਫਿਰਦੇ ਹਨ। ਇਸ ਦਾ ਇੱਕੋ ਇੱਕ ਕਾਰਨ ਹੈ ਕਿ ਜਾਗਰੂਕਤਾ ਦੀ ਘਾਟ। ਜਾਗਰੂਕ ਕਰਨ ਵਾਲੇ ਖੁਦ ਵਹਿਮਾਂ ਭਰਮਾਂ ਦੇ ਵਿੱਚ ਫਸੇ ਪਏ ਹਨ। ਦੱਸ ਦਈਏ ਕਿ ਵਿਗਿਆਨਿਕ ਯੁੱਗ ਵਿੱਚ ਭਾਵੇਂ ਹੀ ਸਾਨੂੰ ਕਿਤੇ ਭੂਤ ਪ੍ਰੇਤ ਨਹੀਂ ਦਿਸਦਾ, ਪਰ ਡੇਰਿਆਂ ਤੇ ਬੈਠੇ ਬਾਬਿਆਂ ਨੂੰ ਪਤਾ ਨਹੀਂ ਕਿਹੜੀ ਅੱਖ ਰਾਹੀਂ ਭੂਤ ਦਿੱਸ ਪੈਂਦੇ ਹਨ।

ਚਲੋ ਖੈਰ.!! ਆਪਾ ਭੂਤਾਂ ਪ੍ਰੇਤਾਂ ਦੇ ਚੱਕਰਾਂ ਵਿੱਚ ਨਹੀਂ ਪੈਣਾ। ਪੁਰਾਣੇ ਰੀਤੀ ਰਿਵਾਜ਼ਾਂ ‘ਤੇ ਜੇਕਰ ਨਿਗਾਹ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪੁਰਾਣੇ ਸਮਿਆਂ ਦੇ ਵਿੱਚ ਲੋਕੀਂ ਮੀਂਹ ਦੀ ਮੰਗ ਕਰਦੇ ਸਨ ਅਤੇ ਉਹ ਵੀ “ਗੁੱਡੀਆਂ ਪਟੋਲੇ“ ਸਾੜ ਕੇ। ਭਾਵੇਂ ਹੀ ਅੱਜ ਵੀ ਕਈ ਜਗ੍ਹਾਵਾਂ ‘ਤੇ ਗੁੱਡੀਆਂ ਪਟੋਲੇ ਸਾੜੇ ਜਾਂਦੇ ਹਨ, ਪਰ ਇਹ ਇੱਕ ਮਨ ਦਾ ਵਹਿਮ ਹੈ।

ਕਦੇ ਵੀ ਗੁੱਡੀਆਂ ਪਟੋਲੇ ਸਾੜਿਆਂ ਮੀਂਹ ਨਹੀਂ ਆਉਂਦਾ ਅਤੇ ਨਾ ਹੀ ਕਿਸੇ ਸ਼ਕਤੀ ਦੇ ਕਾਰਨ ਮੀਂਹ ਰੁਕਦਾ ਹੈ।



# ਪ੍ਰੀਤ ਫੁਲਵਾੜੀ

## ਮੇਰੇ ਪਿਤਾ ਕਵਿਤਾ

ਤੂੰ ਉਂਗਲ ਫੜ ਕੇ ਪਹਿਲੀ ਵਾਰ
ਮੈਨੂੰ ਤੁਰਨਾ ਸਿਖਾਇਆ।
ਮੇਰੀਆਂ ਲੋੜਾਂ ਪੂਰੀਆਂ ਕਰਨ ਲਈ
ਅੱਡੀ ਚੋਟੀ ਦਾ ਜ਼ੋਰ ਲਾਇਆ।
ਜਦ ਵੀ ਕੋਈ ਰੋੜਾ ਬਣ ਕੇ
ਖੜ੍ਹਾ ਹੋਇਆ ਮੇਰੇ ਅੱਗੇ,
ਤੂੰ ਮੇਰੇ ਨਾਲ ਡਟ ਕੇ ਖੜ੍ਹਾ ਹੋ ਕੇ
ਉਸ ਨੂੰ ਲਾਇਆ ਆਪਣੇ ਅੱਗੇ।
ਕਦੇ ਕਦੇ ਸਖਤ ਭਾਸ਼ਾ 'ਚ ਬੋਲਿਆ
ਮੈਨੂੰ ਚੰਗਾ ਨਹੀਂ ਸੀ ਲੱਗਾ,
ਪਰ ਇਹ ਬਹੁਤ ਕੰਮ ਆਇਆ
ਸੁਆਰਨ ਲਈ ਮੇਰਾ ਅੱਗਾ।
ਤੇਰੇ ਸਹਿਯੋਗ ਤੇ ਸੇਧ ਨਾਲ
ਮੈਂ ਪੁੱਜਾ ਆਪਣੇ ਮੁਕਾਮ ਤੱਕ।
ਤੇਰੇ ਕਰਕੇ ਹੀ ਮਿਲੀਆਂ ਨੇ
ਜੋ ਖੁਸ਼ੀਆਂ ਨੇ ਮੇਰੇ ਕੋਲ ਅੱਜ।
ਮੈਨੂੰ ਤੇਰੀ ਵਧਦੀ ਉਮਰ ਨੇ
ਹੈ ਡਾਢਾ ਫਿਕਰਾਂ ਵਿੱਚ ਪਾਇਆ।
ਡਰਦਾ ਹਾਂ ਕਿਤੇ ਖੋਹ ਨਾ ਲਵੇ
ਰੱਬ ਮੇਰੇ ਕੋਲੋਂ ਇਹ ਸਰਮਾਇਆ।
ਮਿਲਦਾ ਰਹੇ ਮੈਨੂੰ ਤੇਰਾ ਪਿਆਰ
ਰੱਬ ਅੱਗੇ ਕਰਾਂ ਇਹੋ ਦੁਆਵਾਂ।
'ਮਾਨ' ਮੈਂ ਤੇਰੇ ਨਾਲ ਰਹਾਂ
ਸਦਾ ਬਣ ਤੇਰਾ ਪ੍ਰਛਾਵਾਂ।

**ਮਹਿੰਦਰ ਸਿੰਘ ਮਾਨ**
**ਫੋਨ -9915803554**

## ਖੁੱਲ੍ਹੇ ਸਕੂਲ

ਛੁੱਟੀਆਂ ਪਿੱਛੋਂ ਖੁੱਲ੍ਹੇ ਸਕੂਲ।
ਬੈਗਾਂ ਤੋਂ ਫਿਰ ਝਾੜੀਏ ਧੂਲ।
ਮਾਸਿਕ ਪੇਪਰ ਨੇੜੇ ਆਏ
ਹੁਣ ਨਾ ਗੱਲਾਂ ਕਰੋ ਫ਼ਜ਼ੂਲ।
ਹੋਮ ਵਰਕ ਸਭ ਕਰੀਏ ਪੂਰਾ
ਨਹੀਂ ਤਾਂ ਖਾਣੇ ਪੈਂਦੇ ਰੂਲ।
ਟੀਚਰ ਝਿੜਕੇ ਜਾਂ ਸਨਮਾਨੇ
ਖਿੜੇ ਮੱਥੇ ਸਭ ਕਰੋ ਕਬੂਲ।
ਨਾਲ ਸਾਥੀਆਂ ਕਦੇ ਨਾ ਲੜੀਏ
ਹਰਦਮ ਹਰ ਪਲ ਰਹੀਏ ਕੂਲ।
ਹਰ ਕੰਮ ਨੂੰ ਵੇਲੇ ਸਿਰ ਕਰੀਏ
ਕਦੇ ਨਾ ਪੈਂਦੀ ਦਿਲ ਨੂੰ ਹੂਲ।
ਚੋਟ ਕਿਸੇ ਦੇ ਮਨ ਨੂੰ ਲੱਗੇ
ਐਸਾ ਕੰਮ ਨਾ ਕਰੀਏ ਮੂਲ।
ਖ਼ੁਦ ਖਿੜੀਏ ਤੇ ਵੰਡੀਏ ਖੇੜਾ
ਜਿੱਦਾਂ ਖਿੜਦਾ ਹੈ ਬਨਫ਼ੂਲ।
ਫੁੱਲਾਂ ਵਾਂਗਰ ਮਹਿਕਾਂ ਵੰਡੀਏ
ਜ਼ਿੰਦਗੀ ਵਿਚ ਨਾ ਬਣੀਏ ਸੂਲ।
ਬੋਲੋ, ਸੁਣੋ ਸਦਾ ਗੁਣਕਾਰੀ
ਕੰਮ ਨਾ ਕਰੀਏ ਊਲ-ਜਲੂਲ।
ਸਹਿਜ-ਸ਼ਾਂਤੀ ਵਿੱਚ ਰਹਿਣਾ ਸਿੱਖੋ
ਕਦੇ ਨਾ ਬਣੀਏ ਵਾਂਗ ਬਬੂਲ।
ਵਿੱਚ ਠਰੰਮੇ ਰਹੋ ਹਮੇਸ਼ਾ
ਹਰ ਗੱਲ ਨੂੰ ਨਾ ਦੇਵੋ ਤੂਲ।
ਹਰਦਮ ਯਾਦ ਪ੍ਰਭੂ ਨੂੰ ਰੱਖੀਏ
ਜੀਵਨ ਦੀ ਨਾ ਹਿੱਲੇ ਚੂਲ।

*** ਪ੍ਰੋ. ਨਵ ਸੰਗੀਤ ਸਿੰਘ**
(9417692015)

## ਨੰਨ੍ਹੇ ਮੁੰਨੇ ਬੱਚੇ

ਨੰਨ੍ਹੇ ਮੁੰਨੇ ਬੱਚੇ ਅਣਭੋਲ।
ਮਿੱਠੇ ਮਿੱਠੇ ਬੋਲਣ ਬੋਲ।
ਤੋਤਲੀਆਂ ਨੇ ਗੱਲਾਂ ਕਰਦੇ,
ਨਾਲੋ ਨਾਲ ਹੁੰਗਾਰੇ ਭਰਦੇ।
ਜਾ ਬਹਿੰਦੇ ਨੇ ਸਭ ਦੇ ਕੋਲ।
ਨੰਨ੍ਹੇ ਮੁੰਨੇ ਬੱਚੇ,,,,,,,,,,,,।
ਕਾਂ ਚਿੜੀ ਦੀ ਸੁਨਣ ਕਹਾਣੀ।
ਭੁੱਲ ਜਾਂਦੇ ਇਹ ਰੋਟੀ ਖਾਣੀ।
ਪਰੀਆਂ ਦਾ ਦੇਸ਼ ਵੀ ਪੁੱਛਣ,
ਰਹਿੰਦੀਆਂ ਕਿੱਥੇ ,ਧਰਤੀ ਗੋਲ ?
ਨੰਨ੍ਹੇ ਮੁੰਨੇ ਬੱਚੇ,,,,,,,,,,,,,,।
ਕਈ ਤਰ੍ਹਾਂ ਦੀ ਚੀਜੀ ਖਾਂਦੇ।
ਮਿੱਟੀ ਵਿੱਚ ਨੇ ਲਿੱਬੜ ਜਾਂਦੇ।
ਨਿੱਕੀਆਂ ਨਿੱਕੀਆਂ ਖੇਡਾਂ ਖੇਡਣ,
ਸੋਹਣੇ ਲੱਗਦੇ ਗੋਲ ਮਟੋਲ।
ਨੰਨ੍ਹੇ ਮੁੰਨੇ ਬੱਚੇ,,,,,,,,,,,,
ਸਾਰਿਆਂ ਦਾ ਇਹ ਮਨ ਪ੍ਰਚਾਉਂਦੇ।
ਹਰ ਥਾਂ ਜਾ ਕੇ ਰੌਣਕ ਲਾਉਂਦੇ।
ਪੰਛੀ ਤੇ ਇਹ ਬੱਚੇ ਨੰਨ੍ਹੇ,
ਕੁਦਰਤ ਦੀਆਂ ਦਾਤਾਂ ਅਨਮੋਲ।
ਨੰਨ੍ਹੇ ਮੁੰਨੇ ਬੱਚੇ,,,,,,,,,,,,,,।
'ਪੱਤੋ' ਨੂੰ ਬਚਪਨ ਚੇਤੇ ਆਉਂਦਾ।
ਲੰਘਿਆ ਸਮਾਂ ਹੈ ਯਾਦ ਕਰਾਉਂਦਾ।
ਨੰਗ ਧੜੰਗੇ ਭੱਜੇ ਫਿਰਨਾਂ,
ਦਿਲ ਦੀਆਂ ਗੱਲਾਂ ਦੱਸੀਆਂ ਖੋਲ੍ਹ।
ਨੰਨ੍ਹੇ ਮੁੰਨੇ ਬੱਚੇ ਅਣਭੋਲ ,
ਮਿੱਠੇ ਮਿੱਠੇ ਬੋਲਣ ਬੋਲ।

**ਬਾਲ ਗੀਤ ਹਰਪ੍ਰੀਤ ਪੱਤੋ**
**ਸੰਪਰਕ** = 94658-21417

## ਅੱਤ ਬਨਾਮ ਅੰਤ

ਝੂਠ ਦਾ ਪੁਲੰਦਾ, ਹੁਣ ਹੋ ਗਿਆ ਏ ਲੰਬਾ
ਇਹਨੂੰ ਖੋਲ੍ਹਣੇ ਦੀ ਤਿਆਰੀ ਐ।
ਗਏ ਜ਼ਖ਼ਮ ਨੇ ਵੱਧ, ਕਈ ਟੱਪ ਗਏ ਨੇ ਹੱਦ
ਇਹਨੂੰ ਰੋਕਣੇ ਦੀ ਵਾਰੀ ਐ।
ਵਿਕੇ ਨਸ਼ਾ ਜਿੱਥੇ ਆਮ, ਗੁੰਡੇ ਬਣੇ ਪ੍ਰਧਾਨ
ਕਹਿੰਦੇ ਸਾਡੀ ਸਰਦਾਰੀ ਐ।
ਅੱਤ ਚੁੱਕੀ ਇਹਨਾਂ ਬਾਹਲ਼ੀ, ਅੱਗ ਸੀਨੇ ਸਾਡੇ ਬਾਲੀ
ਕੀਤੀ ਜਿਨ੍ਹਾਂ ਨੇ ਗ਼ੱਦਾਰੀ ਐ।
ਨਿੱਤ ਕਰਦੇ ਜੋ ਦੰਗੇ, ਉਹ ਕਰ ਦੇਣੇ ਨੰਗੇ
ਇਹ ਚਾਲ ਸਰਕਾਰੀ ਐ।
ਜਦੋਂ ਪਏ ਸਾਡੇ ਵੱਸ, ਕਰਾ ਦੇਣੀ ਐ ਬੱਸ
'ਚੀਮੇ' ਇਹੀ ਮਨ ਧਾਰੀ ਐ , ਬਸ ਇਹੀ ਮਨ ਧਾਰੀ ਐ।

**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ**
**ਮੋਬਾਈਲ ਨੰ:** 9888940211

## ਵਿੱਦਿਆ ਦਾ ਦਾਨ

ਵਿੱਦਿਆ ਦਾ ਜੋ ਦੀਪ ਜਗਾਵੇ,
ਬੱਚਿਓ, ਕਦੇ ਨਾ ਧੋਖਾ ਖਾਵੇ।
ਵਿੱਦਿਆ ਹਰ ਥਾਂ ਤੇ ਪ੍ਰਧਾਨ,
ਪੜ੍ਹ ਪੜ੍ਹ ਪਾਈਏ ਆਪਾਂ ਮਾਣ।
ਚੋਰ ਕੋਈ ਚਰਾ ਨੀ ਸਕਦਾ,
ਪਾਣੀ ਕਦੇ ਰੁੜ੍ਹਾ ਨੀ ਸਕਦਾ।
ਅੱਗ ਇਸ ਨੂੰ ਸਾੜ ਨੀ ਸਕਦੀ,
ਤਾਕਤ ਕੋਈ ਵਿਗਾੜ ਨੀ ਸਕਦੀ।
ਇਹ ਜੋ ਸਾਡੇ ਕੋਲ ਖਜਾਨਾ,
ਸਲਾਮਾਂ ਕਰਦਾ ਕੁੱਲ ਜਮਾਨਾ।
ਇਹ ਧਨ ਕਦੇ ਮੁੱਕ ਨੀ ਸਕਦਾ,
ਇਹ ਬੂਟਾ ਕਦੇ ਸੁੱਕ ਨੀ ਸਕਦਾ।
ਵਿੱਦਿਆ ਦਾ ਜੇ ਦੇਈਏ ਦਾਨ,
ਵਧਦੀ ਜਾਵੇ ਜੱਗ ਵਿੱਚ ਸਾਨ।
ਬੱਚਿਓ ਪੜ੍ਹੋ, ਨਾ ਮਨ ਚਰਾਓ।
ਪੱਤੋ ,ਸਭ ਨੂੰ ਨਾਲ ਪੜ੍ਹਾਓ।

**ਹਰਪ੍ਰੀਤ ਪੱਤੋ ਪਿੰਡ ਪੱਤੋ**

## ਘੁਤਰੀ

ਸਕੂਲੋਂ ਆ ਸਾਈਕਲ ਖੜ੍ਹਾ
ਝੂਟੇ ਘੋੜਾ ਬਣ ਦਵਾਵੇ
ਲਾਡ ਮੇਰੇ ਨਾਲ ਲੜਾਵੇ
ਘੁਤਰੀ ਮੇਰਾ ਕੀ ਕਰਦਾ
ਮੈਂਨੂ ਬਾਪੂ ਆਖ ਬੁਲਾਵੇ

ਮੱਝਾਂ ਦਿਖਾਵੇ ਟੋਭੇ ਤੇ
ਕਦੇ ਗੋਦੀ ਕਦੇ ਮੋਢੇ ਤੇ
ਬਾਂਦਰ ਤੋਤੇ ਤੇ ਚਿੜੀਆਂ
ਮੋਰ ਪਾਉਂਦੇ ਪੈਲਾਂ ਦਿਖਾਵੇ
ਪਿੰਡ ਦਾ ਗੇੜਾ ਸ਼ਾਮੀ ਲਵਾਵੇ
ਘੁਤਰੀ ਮੇਰਾ ਕੀ ਕਰਦਾ
ਮੈਂਨੂ ਬਾਪੂ ਆਖ ਬੁਲਾਵੇ

ਬਿਠਾ ਮੈਂਨੂ ਤੜਕੇ ਪੜ੍ਹਾਵੇ
ਲਿਖਣੇ ਸੁੰਦਰ ਅੱਖਰ ਸਿਖਾਵੇ
ਫੜ੍ਹ ਕਾਠੀ ਸਾਇਕਲ ਉੱਤੇ ਬਿਠਾਵੇ
ਫਿਰ ਖੇਡਾਂ ਮੈਂਨੂ ਖਿਡਾਵੇ
ਵਾਲੀਵਾਲ ਅੰਡਰ-ਹੈਂਡ ਚੁਕਾਵੇ
ਘੁਤਰੀ ਮੇਰਾ ਕੀ ਕਰਦਾ
**ਮੈਂਨੂ ਬਾਪੂ ਆਖ ਬੁਲਾਵੇ**

**ਚੇਤਨ ਬਿਰਧਨੋ** ,9617119111

## (ਬਦਲਦੇ ਸਮੇਂ)

ਕਿੰਨੇ ਚੰਗੇ ਹੁੰਦੇ ਸੀ ਉਹ ਦਿਨ
ਦੇਖ ਲੈਂਦੇ ਨਾ ਇੱਕ-ਦੂਜੇ ਤੋਂ ਹੌਂਕੇ
ਘੁਰਾੜੇ ਚੱਲਦੇ ਵਿੱਚ ਗਲੀਆਂ ਸੌਂਕੇ
ਹੁਣ ਲੋਕ ਮਤਲਬੀ ਜਏ ਹੋ ਗਏ
ਹੁਣ ਲੋਕ ਮਤਲਬੀ ਜਏ ਹੋ ਗਏ
ਕਿੰਨਾ ਸੀ ਇੱਕ ਦੂਜੇ ਦਾ ਕਰਦੇ
ਖੇਡਦੇ ਰਹਿੰਦੇ ਮੂਹਰੇ ਘਰਦੇ
ਨਾਲੇ ਖਾਂਦੇ ਸੀ ਉਦੋਂ ਵੰਡਕੇ
ਨਾ ਖਾਂਦੇ ਹੁੰਦੇ ਖੋਹਕੇ
ਹੁਣ ਲੋਕ ਮਤਲਬੀ ਜਏ ਹੋ ਗਏ
ਹੁਣ ਲੋਕ ਮਤਲਬੀ ਜਏ ਹੋ ਗਏ
ਸਾਰੇ ਲੱਗਦੇ ਹੁੰਦੇ ਘਰਦੇ
ਬੈਠ ਰਹਿੰਦੇ ਰੋੜੇ ਘੜ੍ਹਦੇ
ਛੱਡ ਜਾਂਦੇ ਪੀਹਚੋ ਵਾਹਕੇ
ਖੇਡਾਂਗੇ ਕੱਲ੍ਹ ਨੂੰ ਆਕੇ
ਫਿਕਰਾਂ ਨੂੰ ਦੂਰ ਭਜਾਕੇ
ਡਟ ਖੜ੍ਹਦੇ ਨਾਲ ਜੇ ਹੋਕੇ
ਨਾ ਪੈਂਦੇ ਪਿੱਛੇ ਹੱਥ ਧੋਕੇ
ਹੁਣ ਲੋਕ ਮਤਲਬੀ ਜਏ ਹੋ ਗਏ
ਹੁਣ ਲੋਕ ਮਤਲਬੀ ਜਏ ਹੋ ਗਏ
ਖੁਸ਼ ਹੁੰਦੇ ਸੀ ਉਦੋਂ ਕਹਾਕੇ
ਮਾਸੀਆਂ-ਚਾਚੀਆਂ ਦੀਆਂ ਗਾਲਾਂ ਖਾਕੇ
ਰੋਟੀ ਇਕ ਦੂਜੇ ਦਿਓ ਲਿਆਕੇ
ਬੁਰਕੀਆਂ ਇੱਕ ਦੂਜੇ ਮੂੰਹ ਪਾਕੇ
ਸੋਚਾਂ ਕਿੱਧਰ ਉਹ ਰਿਸ਼ਤੇ ਖੋ ਗਏ
ਹੁਣ ਲੋਕ ਮਤਲਬੀ ਜਏ ਹੋ ਗਏ
ਹੁਣ ਆਪਾਂ ਮਤਲਬੀ ਜਏ ਹੋ ਗਏ

**ਚੇਤਨ ਬਿਰਧਨੋ** 09617119111

## ਛੁੱਟੀਆਂ

ਮੁੱਕ ਗਈਆਂ ਤੇ ਛੁੱਟੀਆਂ,
ਅਸਾਂ ਡਿਊਟੀ ਹੈ ਨਿਭਾਈ ਜੀ।
ਬੱਚਿਆਂ ਦੀ ਸਾਂਝ ਗੂੜ੍ਹੀ,
ਜਾ ਕਿਤਾਬਾਂ ਨਾਲ ਪਾਈ ਜੀ।
ਜੁਲਾਈ ਇੱਕ ਨੂੰ ਸਕੂਲ ਵਿੱਚ,
ਬੜੀ ਰੌਣਕ ਲਗਾਈ ਜੀ।
ਖੇਡ ਕੁੱਦ ਲਏ ਬਹੁਤਾ,
ਹੁਣ ਕਰਲੋ ਪੜ੍ਹਾਈ ਜੀ।
ਇੱਕ ਮਹੀਨੇ ਬਾਅਦ ਪੂਰੇ,
ਲਾਲੀ ਮੁੱਖੜੇ 'ਤੇ ਆਈ ਜੀ।
ਕੌਣ ਕਿੱਥੇ ਛੁੱਟੀਆਂ ਮਨਾਈਆਂ,
ਬੱਚਿਆਂ ਆਕੇ ਬਾਤ ਸੁਣਾਈ ਜੀ।
ਬੱਚਿਆਂ ਦੀ ਸਾਂਝ ਗੂੜ੍ਹੀ,
ਜਾ ਕਿਤਾਬਾਂ ਨਾਲ ਪਾਈ ਜੀ।

**ਗਗਨ ਫੂਲ**
**ਸੰਪ:** 75289-03512

## ਨਸ਼ਾ ਤਸਕਰ

ਕਹਿੰਦੇ ਸਰਕਾਰ ਛੋਟੇ ਨਸ਼ਾ ਤਸਕਰ ਫੜ੍ਹ ਲਿਆਉਂਦੀ ਏ
ਪਰ ਵੱਡੇ ਮੱਗਰਮੱਛਾਂ ਨੂੰ ਹੱਥ ਪਾਉਣੋਂ ਘਬਰਾਉਂਦੀ ਏ
ਜਦ ਵੱਡਿਆਂ ਨੂੰ ਫੜ ਸਰਕਾਰ ਪਟਾਰੀ ਪਾਉਂਦੀ ਏ
ਦੱਸੋ ਵਿਰੋਧੀ ਲੀਡਰਸ਼ਿਪ ਕਿਉਂ ਕੁਰਲਾਉਂਦੀ ਏ ?

ਵਿਆਹ ਜੋਗੇ ਦੇ ਡਾਟ ਭੋਗੇ ਦੇ ਸੱਚ ਸਿਆਣੇ ਕਹਿੰਦੇ ਸੀ
ਉਦੋਂ ਡਾਟ ਚੰਗੇ ਕੰਮ ਕਰਨ ਲਈ ਲੋਕਾਂ ਦੇ ਪੈਂਦੇ ਸੀ
ਹੁਣ ਦੀ ਜੁੰਡਲੀ ਪੁੱਠੇ ਕੰਮਾਂ ਨੂੰ ਸ਼ਹਿ ਦੇਣਾ ਚਹੁੰਦੀ ਏ
ਦੱਸੋ ਵਿਰੋਧੀ ਲੀਡਰਸ਼ਿਪ ਕਿਉਂ ਕੁਰਲਾਉਂਦੀ ਏ ?

ਜੇਕਰ ਚੰਗੇ ਕੰਮ ਕਰਕੇ ਸਰਕਾਰ ਵਿਖਾਉਂਦੀ ਏ
ਫਿਰ ਵਿਰੋਧੀ ਧਿਰ ਕਿਉਂ ਐਵੇਂ ਰੌਲਾ ਪਾਉਂਦੀ ਏ
ਸਰਕਾਰ ਸਿਰਫ ਦੋਸ਼ੀਆਂ ਦੇ ਘਰ ਢਾਉਂਦੀ ਏ
ਦੱਸੋ ਵਿਰੋਧੀ ਲੀਡਰਸ਼ਿਪ ਕਿਉਂ ਕੁਰਲਾਉਂਦੀ ਏ ?

ਮੁੱਲਾਂਪੁਰ ਚੰਗੇ ਕੰਮਾਂ ਖਾਤਰ ਲੋਕੀ ਘੱਟ ਖੜ੍ਹਦੇ ਨੇ
ਮਾੜੇ ਕੰਮਾਂ ਦੀ ਮੂਹਰੇ ਹੋ ਹੋਕੇ ਹਾਮੀ ਭਰਦੇ ਨੇ
ਮਾੜੀ ਸੋਚ ਕਦੇ ਨਾ ਚੰਗਾ ਜੀਣ ਸਿਖਾਉਂਦੀ ਏ
ਦੱਸੋ ਵਿਰੋਧੀ ਲੀਡਰਸ਼ਿਪ ਕਿਉਂ ਕੁਰਲਾਉਂਦੀ ਏ ?

**ਸੁਖਵਿੰਦਰ ਸਿੰਘ ਮੁੱਲਾਂਪੁਰ**
**ਕੈਲਪੁਰ ਰੋਡ ਮੁੱਲਾਂਪੁਰ ਦਾਖਾ**

## ਰੁੱਖ ,ਅੱਗ ਤੇ ਧਰਤੀ

ਰੁੱਖ ਪੁੱਛਦਾ ਅੱਗ ਨੂੰ ,ਮੈ ਕੀ ਤੇਰਾ ਵਿਗੜਿਆ ਨੀ
ਹਰਾ ਭਰਾ ਖੜਾ ਸੀ ਖੇਤਾਂ ਵਿੱਚ,ਤੂੰ ਮੈਨੂੰ ਸਾੜਿਆ ਨੀ
ਸਾਰਾ ਦਿਨ ਆਕਸੀਜਨ ਵੰਡਦਾ ,ਨਾਲ ਠੰਡੀਆਂ ਹਵਾਵਾਂ
ਥੱਕਿਆ ਜਿਹੜਾ ਮੇਰੇ ਕੋਲ ਆਉਂਦਾ, ਉਹ ਦਿੰਦਾ ਸੀ ਦੁਵਾਵਾਂ
ਧਰਤੀ ਨੂੰ ਧੁੱਪ ਲੱਗਣ ਨਾ ਦਿੰਦਾ ,ਮੀਂਹ ਮੇਰੇ ਵਾਂਗ ਭਰਾਵਾਂ
ਤੂੰ ਕਿਉਂ ਦੁਸ਼ਮਣ ਬਣ ਗਈ ਮੇਰੀ ,ਮੈਨੂੰ ਆ ਕੇ ਰਾੜਿਆ ਨੀ
ਰੁੱਖ ਪੁੱਛਦਾ ਅੱਗ ਨੂੰ ,ਮੈ ਕੀ ਤੇਰਾ ਵਿਗੜਿਆ ਨੀ .........
ਅੱਗ ਆਖਦੀ ਸੁਣ ਵੇ ਰੁੱਖਾ ,ਮੇਰਾ ਤੇਰੇ ਨਾਲ ਵੈਰ ਨਾ ਕੋਈ
ਮੈ ਕਿਹੜੀ ਆਪ ਹਾਂ ਬੱਲਦੀ ,ਮੈਨੂੰ ਬਾਲਦਾ ਤੇਰੇ ਵਰਗਾ ਕੋਈ
ਤੇਰਾ ਬਣਾ ਕੇ ਬਾਲਣ ਲੋਕੀ ,ਫਿਰ ਆ ਕੇ ਬਾਲਦੇ ਮੈਨੂੰ
ਮੇਰਾ ਗੁੱਸਾ ਚੜ ਜਾਏ ਅਸਮਾਨੀ ,ਮੈ ਫਿਰ ਸਾੜਦੀ ਤੈਨੂੰ
ਧਰਤੀ ਨੂੰ ਵੀ ਨਾਲ ਸੜਨਾ ਪੈਂਦਾ ਮੈ ਜਦ ਸਾੜਦੀ ਤੁਹਾਨੂੰ
ਬੇ ਕਸੂਰ ਜਾਨਵਰ ਵੀ ਸੜ ਜਾਂਦੇ ,ਬਚਦੇ ਨਾ ਕੀੜਾ ਕੀੜੀ ਕੋਈ
ਅੱਗ ਆਖਦੀ ਸੁਣ ਵੇ ਰੁੱਖਾ ,ਮੇਰਾ ਤੇਰੇ ਨਾਲ ਵੈਰ ਨਾ ਕੋਈ
ਧਰਤੀ ਆਖਦੀ ਮੈਨੂੰ ਪੁੱਛਕੇ ਵੇਖੋ ,ਮੈ ਕਿਸਨੂੰ ਹਾਲ ਸੁਣਾਵਾਂ ਦਿਲ ਦਾ
ਮੈਨੂੰ ਉੱਥਲ ਪੁੱਥਲ ਕਰਕੇ ਰੱਖਤਾ ਲੋਕਾਂ, ਮੇਰਾ ਕਾਲਜਾ ਪਿਆ ਹਿੱਲਦਾ
ਮੈਨੂੰ ਧਰਤੀ ਮਾਂ ਆਖਣ ਵਾਲੇ ਪੁੱਤ ਮੇਰੇ ,ਬੱਸ ਗੱਲਾਂ ਜੋਗੇ ਰਹਿ ਗਏ
ਅਖਬਾਰਾਂ ਵਿੱਚ ਰੁੱਖ ਲੱਗਣ,ਪਰ ਹਕੀਕਤ ਵਿੱਚ ਪਰਾਂ ਹੋਕੇ ਬਹਿ ਗਏ
ਅਸਮਾਨ ਵਿੱਚੋ ਆਫ਼ਤ ਮੀਂਹ ਬਣਕੇ ਆਈ ,ਲੱਖਾਂ ਦੇ ਘਰ ਢਹਿ ਗਏ
ਕੀ ਕਰ ਬੈਠੇ ਆਪਸ ਵਿੱਚ ਗੱਲਾਂ ਕਰਦੇ ,ਜਦ ਕੋਈ ਇੱਕ ਦੂਜੇ ਨੂੰ ਮਿਲਦਾ
ਧਰਤੀ ਆਖਦੀ ਮੈਨੂੰ ਪੁੱਛਕੇ ਵੇਖੋ, ਮੈ ਕਿਸਨੂੰ ਹਾਲ ਸੁਣਾਵਾਂ ਦਿਲ ਦਾ
ਪਰਕਿਰਤੀ ਨਾਲ ਛੇੜ ਛਾੜ ਕਰਨੀ ਤੁਸੀਂ , ਛੱਡ ਦਿਓ ਜਸਵਿੰਦਰਾ
ਆਪਣੇ ਹੱਥਾਂ ਨਾਲ ਆਪ ਆਪਣੇ ,ਪੈਰ ਨਾ ਵੱਢ ਦਿਓ ਜਸਵਿੰਦਰਾ
ਰੁੱਖ ਲਗਾਉਣੇ ਕਦੇ ਨਾ ਭੁਲਿਓ ,ਨਾ ਛਡਿਓ ਪਾਉਣਾ ਪਾਣੀ
ਆਉ ਸਾਰੇ ਭੈਣ ਭਰਾ ਰਲਕੇ ,ਤਾਜ਼ਾ ਕਰੀਏ ਯਾਦ ਪੁਰਾਣੀ
ਰੁੱਖ ਤੇ ਕੁੱਖ ਬਚਾ ਕੇ ਰਖੀਏ ,ਬਜ਼ੁਰਗਾਂ ਦੀ ਮੰਨੀਏ ਗੱਲ ਸਿਆਣੀ
ਧਰਤੀ ਬਚਾਓ ,ਪਾਣੀ ਬਚਾਓ ਬਾਕੀ ਵੈਰ ਵਿਰੋਧ ਕੱਢ ਦਿਓ ਜਸਵਿੰਦਰਾ
ਪਰਕਿਰਤੀ ਨਾਲ ਛੇੜ ਛਾੜ ਕਰਨੀ ਤੁਸੀਂ , ਛੱਡ ਦਿਓ ਜਸਵਿੰਦਰਾ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ** 7589155501

## ਨਿੱਕੇ ਨਿੱਕੇ ਹੱਥਾਂ ਨਾਲ/ ਕਵਿਤਾ

ਆਪਣੇ ਭਾਰੇ ਬੈਗ ਚੁੱਕੀਏ, ਨਿੱਕੇ ਨਿੱਕੇ ਹੱਥਾਂ ਨਾਲ।
ਕਿਤਾਬਾਂ ਖੋਲ੍ਹ ਕੇ ਪੜ੍ਹੀਏ, ਨਿੱਕੇ ਨਿੱਕੇ ਹੱਥਾਂ ਨਾਲ।
ਹੋਮਵਰਕ ਦੇਣ ਸਾਡੇ ਟੀਚਰ ਸਾਨੂੰ ਬਥੇਰਾ,
ਉਸ ਨੂੰ ਪੂਰਾ ਕਰੀਏ, ਨਿੱਕੇ ਨਿੱਕੇ ਹੱਥਾਂ ਨਾਲ।
ਆਪਣੀ ਲਿਖਾਈ ਸੁੰਦਰ ਬਣਾਉਣ ਦੀ ਖਾਤਰ,
ਅੱਖਰ ਵਾਰ ਵਾਰ ਲਿਖੀਏ, ਨਿੱਕੇ ਨਿੱਕੇ ਹੱਥਾਂ ਨਾਲ।
ਨਿੱਕੇ ਨਿੱਕੇ ਬੂਟੇ ਲਾ ਕੇ ਕਿਆਰੀਆਂ ਵਿੱਚ,
ਉਨ੍ਹਾਂ ਨੂੰ ਪਾਣੀ ਨਾਲ ਭਰੀਏ, ਨਿੱਕੇ ਨਿੱਕੇ ਹੱਥਾਂ ਨਾਲ।
ਵਿਹਲੇ ਸਮੇਂ ਦੇ ਵਿੱਚ ਝੂਲਿਆਂ ਉੱਤੇ ਬੈਠ ਕੇ,
ਹਰ ਰੋਜ਼ ਝੂਟੇ ਲਈਏ, ਨਿੱਕੇ ਨਿੱਕੇ ਹੱਥਾਂ ਨਾਲ।
ਮੰਮੀ ਨੂੰ ਤੰਗ ਨਾ ਕਰੀਏ ਸਕੂਲ ਤੋਂ ਆ ਕੇ,
ਵਰਦੀ ਆਪੇ ਖੋਲ੍ਹੀਏ, ਨਿੱਕੇ ਨਿੱਕੇ ਹੱਥਾਂ ਨਾਲ।
ਰੋਟੀ ਖਾਣ ਲਈ ਮੰਮੀ ਨੂੰ ਪਿੱਛੇ ਨਾ ਘੁੰਮਾਈਏ,
ਆਪੇ ਰੋਟੀ ਖਾਈਏ, ਨਿੱਕੇ ਨਿੱਕੇ ਹੱਥਾਂ ਨਾਲ।
ਵੱਡੇ ਹੋ ਕੇ ਅਸੀਂ ਸੰਭਾਲਣਾ ਹੈ ਇਸ ਦੇਸ਼ ਨੂੰ,
ਤਾਂ ਹੀ ਸਭ ਕੰਮ ਕਰੀਏ, ਨਿੱਕੇ ਨਿੱਕੇ ਹੱਥਾਂ ਨਾਲ।

**ਮਹਿੰਦਰ ਸਿੰਘ ਮਾਨ**
**ਫੋਨ -9915803554**

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 311

Website: www.preetnama.com Email preetnamausa@gmail.com

11 JULY TO 17 JULY ,2025


